# ਤਾਰਿਆਂ ਤੋਂ ਪਾਰ

ਇੱਕ ਸੱਚ, ਇੱਕ ਖ਼ਾਬ, ਇਕ ਤਲਾਸ਼

ਵੀਤ ਬਾਦਸ਼ਾਹਪੁਰੀ (ਸ਼ੀਰਾ)

# Tarian Ton Paar

*by*

**Veet Badshahpuri (Sheera)**
**YESHVIER SHEERA**
V.P.O. Badshahpur, Teh: Dhuri, Distt. Sangrur-148024
(ਵੀਤ) 98723-29064, 98761-63422
SUKHI 94171-07218

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana
98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਮੁਹੱਬਤ ਦੇ ਸਮੁੰਦਰ 'ਚੋਂ ਉੱਠੀ ਉਸ ਲਹਿਰ ਦੇ ਨਾਂ,
ਜੋ ਸਦਾ ਕਿਨਾਰੇ ਲਈ ਤੜਫ਼ਦੀ ਰਹੀ।

ਮੇਰੇ ਹਮਦਰਦ ਅਤੇ ਗਮਖ਼ਾਰ ਦੋਸਤਾਂ ਅਤੇ ਵਾਅਦਿਆਂ ਤੋਂ ਮੁਨਕਰ ਹੋਏ
ਉਨ੍ਹਾਂ ਸੱਜਣਾਂ ਨੂੰ ਜਿਨ੍ਹਾਂ ਨੂੰ ਸ਼ਾਇਦ ਇਸ ਤੋਂ ਵੱਧ ਕੁਝ ਹੋਰ ਨਾ ਦੇ ਸਕਾਂਗਾ

ਉੱਡਦੇ ਜਹਾਜ਼ਾਂ ਮਗਰ ਉੱਡਦਾ ਹਾਂ 'ਵੀਤ'
ਸ਼ਾਇਦ ਕਦੇ ਤਾਂ ਤੈਨੂੰ ਸਾਡੀ ਹਾਕ ਸੁਣ ਜੇ।

ਮੈਂ ਧਰਤੀ ਤੇ ਖੜ੍ਹੇ ਨੇ ਤੱਕਿਆ, ਉਹ ਜਹਾਜ਼ ਵਿੱਚ ਜਾਂਦਾ ਸੀ-
'ਸ਼ੀਰੇ' ਕਿੰਨਾ ਉੱਚਾ ਵੇਖੋ ਅੱਜ ਯਾਰ ਮੇਰਾ......

# ਅਪੀਲ

ਮੈਂ ਤਾਂ ਇੱਕ ਨਿਮਾਣਾ ਜਿਹਾ ਹਾਂ। ਮੈਨੂੰ ਲਿਖਣਾ ਨਹੀਂ ਆਉਂਦਾ ਅਤੇ ਨਾ ਹੀ ਜ਼ਿੰਦਗੀ ਦਾ ਬਹੁਤਾ ਅਨੁਭਵ ਹੈ, ਮੈਂ ਤਾਂ ਪੰਜਾਬੀ ਦੇ ਸਿਰਮੌਰ ਲੇਖਕਾਂ ਦੀ ਨਕਲ ਕਰਕੇ ਸਿੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੇਕਰ ਇਸ ਕਿਤਾਬ ਵਿੱਚ ਲਿਖੀ ਕੋਈ ਲਾਈਨ ਕਿਸੇ ਲੇਖਕ ਦੀ ਰਚਨਾ ਨਾਲ ਮੇਲ ਖਾਂਦੀ ਹੈ ਤਾਂ ਮੈਂ ਖਿਮਾ ਦਾ ਜਾਚਕ ਹਾਂ।

ਮੈਂ ਪੰਜਾਬੀ ਸਾਹਿਤ ਦੀਆਂ ਸਭਾਵਾਂ ਅਤੇ ਪੰਜਾਬੀ ਦੇ ਰਾਖੇ ਸਿਰਮੌਰ ਲੇਖਕਾਂ ਨੂੰ ਅਪੀਲ ਕਰਦਾ ਹਾਂ ਕਿ ਮੈਂ ਤਾਂ ਕੋਈ ਲੇਖਕ ਜਾਂ ਗੁਣਵਾਨ ਨਹੀਂ ਨਾ ਹੀ ਇਹ ਨਸੀਹਤ ਦੇਣ ਦੇ ਕਾਬਿਲ ਹਾਂ ਪ੍ਰੰਤੂ ਪੰਜਾਬੀ ਵਿੱਚ ਲਿਖਣ ਵਾਲੇ ਅਨੇਕਾਂ ਅਜਿਹੇ ਨੌਜਵਾਨ ਹਨ ਜਿਨ੍ਹਾਂ ਕੋਲ ਕਲਾ ਹੈ, ਜਿਨ੍ਹਾਂ ਦੀ ਰਚਨਾ ਗੁਣਾਤਮਕ ਪੱਖੋਂ ਭਰਪੂਰ ਹੈ ਉਹ ਸਿਰਫ਼ ਪੈਸੇ ਦੀ ਘਾਟ ਕਾਰਨ ਲੋਕਾਂ ਦੇ ਸਨਮੁੱਖ ਨਹੀਂ ਹੋ ਸਕੇ। ਉਨ੍ਹਾਂ ਨੂੰ ਉਚਿਤ ਮੌਕੇ ਦਿੱਤੇ ਜਾਣ ਤਾਂ ਜੋ ਉਨ੍ਹਾਂ ਦਾ ਪੰਜਾਬੀ ਸਾਹਿਤ, ਕਵਿਤਾ ਪ੍ਰਤੀ ਰੁਝਾਨ ਬਣਿਆ ਰਹੇ ਅਤੇ ਪੰਜਾਬੀ ਬੋਲੀ ਦੇ ਮਾਣ ਵਿੱਚ ਵਾਧਾ ਕਰ ਸਕਣ:

**ਵੀਤ ਬਾਦਸ਼ਾਹਪੁਰੀ (ਸ਼ੀਰਾ)**

# ਕੁੱਝ ਮੇਰੇ ਆਪਣੇ ਵਲੋਂ

ਦੋਸਤੋ ! ਮੈਂ ਇਸ ਕਿਤਾਬ ਵਿੱਚ ਕੁੱਝ ਵੱਖਰਾ ਲਿਖਿਆ ਹੋਣ ਦਾ ਦਾਅਵਾ ਨਹੀਂ ਕਰਦਾ, ਮੇਰੇ ਲਿਖਣ ਉੱਤੇ ਬਹੁਤ ਸਾਰੇ ਲੇਖਕਾਂ ਦਾ ਪ੍ਰਭਾਵ ਹੈ। ਸਾਡੀ ਪੰਜਾਬੀ ਦੇ ਉਹੀ ਪੈਂਤੀ ਹਰਫ਼ ਹਨ ਜਿਨ੍ਹਾਂ ਨੂੰ ਕੋਈ ਕਿਵੇਂ ਲਿਖ ਦਿੰਦਾ ਹੈ ਕੋਈ ਕਿਵੇਂ। ਇਸ ਵਿੱਚ ਕੁੱਝ ਕੁ ਮੇਰਾ ਆਪਣਾ ਅਨੁਭਵ ਅਤੇ ਕੁੱਝ ਕੁ ਪੰਨੇ ਦੋਸਤਾਂ ਦੀਆਂ ਕਹਾਣੀਆਂ ਤੋਂ ਲਏ ਗਏ ਹਨ।

ਇਸ ਕਿਤਾਬ ਵਿੱਚ ਕੁੱਝ ਪੰਨੇ ਚੰਨ ਜਿਹੀਆਂ ਮੂਰਤਾਂ ਦੇ ਨਾਂ ਨੇ, ਜੋ ਸ਼ਾਇਦ ਤੁਹਾਨੂੰ ਦੁਚਿੱਤੀ ਵਿੱਚ ਪਾ ਦੇਣ। ਪਰ ਇਹ ਇੱਕ ਸੱਚਾਈ ਹੈ ਕਿ ਸਾਡੀ ਕਾਲਜ ਲਾਈਫ਼ ਵਿੱਚ ਅਕਸਰ ਸਾਡਾ ਕਈਆਂ ਨਾਲ ਵਾਹ ਪੈਂਦਾ ਹੈ, ਜਿਨ੍ਹਾਂ ਵਿੱਚੋਂ ਕਈਆਂ ਤੋਂ ਭੈਣ ਜਿਹਾ ਪਿਆਰ, ਕਈਆਂ ਤੋਂ ਦੋਸਤਾਂ ਜਿਹਾ ਵਿਸ਼ਵਾਸ ਅਤੇ ਕਿਸੇ ਤੋਂ ਮਹਿਬੂਬ ਦੀ ਬੁੱਕਲ ਦਾ ਨਿੱਘ ਮਿਲਦਾ ਹੈ। ਸਾਡੇ ਸਮਾਜ ਦੀ ਇਹ ਬੁਰੀ ਬੁਰਾਈ ਹੈ ਕਿ ਜਿੱਥੇ ਕੁੜੀ ਨਾਂ ਦਾ ਜ਼ਿਕਰ ਆ ਜਾਵੇ ਉੱਥੇ ਅਕਸਰ ਮਤਲਬ ਗਲਤ ਹੀ ਲਿਆ ਜਾਂਦਾ ਹੈ।

ਦੋਸਤੋ ਰਿਸ਼ਤਾ ਕੋਈ ਵੀ ਬੁਰਾ ਨਹੀਂ ਹੁੰਦਾ, ਬੁਰੀ ਤਾਂ ਬਸ ਸਾਡੀ ਸੋਚ ਹੀ ਹੁੰਦੀ ਹੈ।

ਆਸ ਹੈ ਕਿ ਤੁਸੀਂ ਇਸ ਕਿਤਾਬ ਨੂੰ ਦਿਲੋਂ ਗਹਿਰਾਈ ਨਾਲ ਪੜ੍ਹੋਗੇ ਅਤੇ ਇਸ ਵਿੱਚ ਮੇਰੀਆਂ ਰਹਿ ਗਈਆਂ ਕਮੀਆਂ ਤੋਂ ਮੈਨੂੰ ਜਾਣੂ ਕਰਵਾਓਗੇ।

ਤੁਹਾਡੇ ਤੋਂ ਪਿਆਰ ਭਰੇ ਹੁੰਗਾਰੇ ਦੀ ਉਮੀਦ ਵਿੱਚ

ਤੁਹਾਡਾ ਛੋਟਾ ਵੀਰ,
**'ਵੀਤ ਬਾਦਸ਼ਾਹਪੁਰੀ'** (ਸ਼ੀਰਾ)

# ਧੰਨਵਾਦ

ਅਸੀਂ ਧੰਨਵਾਦੀ ਹਾਂ ਆਪਣੇ ਦੋਸਤਾਂ ਅਤੇ ਮਿੱਤਰਾਂ ਦੇ, ਜਿਨ੍ਹਾਂ ਸਾਡੀ "ਤਾਰਿਆਂ ਤੋਂ ਪਾਰ" ਦੀ ਸੋਚ ਅਤੇ ਸੁਪਨੇ ਨੂੰ ਸਾਕਾਰ ਰੂਪ ਦੇਣ ਲਈ ਤਹਿ ਦਿਲੋਂ ਸਹਿਯੋਗ ਦਿੱਤਾ!

ਸੁਖਵਿੰਦਰ ਸੰਧੂ, ਸੁਖਪਾਲ ਸੋਖਲ, ਗਗਨ, ਸਵਰਨ ਸ਼ੈਵੀ, ਸੁਖਦੀਪ ਸੁੱਖੀ, (ਸੰਦੀਪ ਭੈਣ), ਰਣਜੀਤ ਜੀਤਾ ਤੇ ਹਰਪ੍ਰੀਤ।

# ਪ੍ਰੇਰਿਤ

ਪ੍ਰੋ: ਸੰਤ ਸਿੰਘ ਜੀ, ਡਾ. ਮਲਕੀਤ ਸਿੰਘ ਖੱਟੜਾ ਜੀ, ਚਮਨਦੀਪ ਦਿਓਲ ਜੀ.

## ਦੋਸਤ:

ਇਕਬਾਲ ਸਿੰਘ ਬਾਦਸ਼ਾਹਪੁਰੀ ਮੌਜੂਦਾ ਸਰਪੰਚ ਅਤੇ ਕਲੱਬ ਪ੍ਰਧਾਨ, ਪ੍ਰੀਤ ਚਮਕੌਰ ਸੰਧੂ, ਬੱਬੂ, ਮਨੀ, ਰੋਮੀ, ਸੰਜੂ, ਰਾਜ, ਬੇਅੰਤ, ਰਾਜੂ, ਚਰਨਜੀਤ ਸਿੰਘ ਧਾਲੀਵਾਲ, ਰਾਮ ਮੋਹਰ, ਬਿੰਦਰ ਸਲੇਮਪੁਰੀ, ਰਿੰਪੀ, ਕੁਲਬੀਰ ਕੈਂਡੀ, ਸ਼ੈਲੀ ਗਰਗ, ਜਸਵਿੰਦਰ, ਰਛਪਾਲ ਸਿੱਧੂ, ਕਲਦੀਪ, ਹੈਪੀ, ਸਰਬਜੀਤ, ਬਨੀਤ, ਸੋਨੂੰ, ਬਲਜੀਤ ਗੁਰਮਾਂ, ਜਸਵੀਰ ਕਣਕਵਾਲ, ਰਣਜੀਤ ਸੇਠੀ, ਪੁਨੀਤ, ਬੰਤ ਭਲਵਾਨ, ਗੁਰੀ, ਕੇਵਲ, ਲੱਖੀ, ਮਿੱਠੂ, ਰਾਜਵਿੰਦਰ, ਸੰਮੀ, ਜੱਗਾ, ਰੇਸ਼ਮ, ਪ੍ਰਗਟ, ਗੁਰਮੇਲ, ਜੈਲੀ, ਸੁਖਜਿੰਦਰ ਸੋਖਲ, ਯਾਦਵਿੰਦਰ ਚੀਮਾ, ਚਮਕੌਰ ਰੇਤਗੜ੍ਹ, ਰਸਪਿੰਦਰ ਸਾਰੋਂ, ਮੰਪੀ ਲੌਂਗੋਵਾਲ, ਭੂਪੀ ਨੀਲੋਵਾਲ, ਸੁੱਖੀ ਰੱਤਾਖੇੜਾ, ਅਮਨ, ਬਬਲੀ, ਇੰਦਰ, ਗੁਰਮੀਤ ਬਿੰਦਰ, ਪਰਮਜੀਤ।

## ਮੇਰੇ ਛੋਟੇ ਵੀਰ:

ਜੀਤਾ, ਭਿੰਦਾ, ਵਰਿੰਦਰ, ਪੱਪੂ, ਹਰਦੀਪ, ਜਗਦੀਪ, ਖਾਨ, ਜੱਗੂ, ਲਾਲੀ, ਮਣੂ, ਅਮਰੀਕ, ਜਸਵੀਰ, ਪ੍ਰਵੀਰ, ਹੈਪੀ, ਮਾਣਾ, ਬਲਰਾਜ, ਮਿੰਟੂ, ਗੱਗੀ, ਬੱਬੂ, ਕੀਪਾ, ਕਿੰਦਾ, ਗੁਰਪ੍ਰੀਤ, ਕੁਲਵਿੰਦਰ, ਸੰਦੀਪ, ਜੀਵਨ।

ਡਾ. ਤੇਜਿੰਦਰ ਚਹਿਲ ਅਤੇ ਪ੍ਰਵੇਸ਼ ਜੱਖਲਾਂ (ਆਸਟਰੇਲੀਆ)

ਮੇਰਾ ਇੱਕ-ਇੱਕ ਸਾਹ ਕਰਜ਼ਦਾਰ ਹੈ ਮੇਰੇ ਮਾਪਿਆਂ ਦਾ ਅਤੇ ਉਸ ਪਰਮ-ਪ੍ਰਮਾਤਮਾ ਦਾ ਜਿਨ੍ਹਾਂ ਦੀਆਂ ਰਹਿਮਤਾਂ ਸਦਕਾ ਮੇਰੀ 'ਤਾਰਿਆਂ ਤੋਂ ਪਾਰ' ਦੀ ਸੋਚ ਅਤੇ ਤਲਾਸ਼ ਮੈਨੂੰ ਇਸ ਸਾਹਿਤ ਦੇ ਅਕਾਸ਼ ਵਿੱਚ ਲੈ ਆਈ!

ਜਸਵੀਰ

ਮਾਤਾ—ਪਰਮਜੀਤ ਕੌਰ, ਪਿਤਾ—ਦਲਬਾਰਾ ਸਿੰਘ
ਦਲੀਪ ਸਿੰਘ (ਅੰਕਲ)

# ਤਤਕਰਾ


- ਦੇਬੀ ਮਹਿਬੂਬ 11
- ਦਾਸਤਾਨ 13
- ਦੁੱਖ ਨਹੀਂ...... 14
- ਵਿਯੋਗ ਜੀਹਦਾ........ 15
- ਤਨਹਾਈ ਦੀ ਮਹਿਫ਼ਲ 16
- ਬੇ-ਵਫ਼ਾ ਜ਼ਿੰਦਗੀ 17
- ਜ਼ਿੰਦਗੀ ਦੀ ਕਹਾਣੀ 18
- ਜਦੋਂ ਤੈਨੂੰ..... 19
- ਤੁਰ ਗਯਾ ਤੂੰ....... 20
- ਉਹਦਾ ਅਹਿਸਾਨ ਹੋਵੇ 21
- ਚੁਬਾਰਿਆਂ ਦੇ ਵਿੱਚ 22
- ਹੁਸਨ ਵਾਲੇ 23
- ਜ਼ਿੰਦਗੀ 24
- ਜਿਕਰ ਤੇਰੇ....... 25
- ਬੇ-ਵਫ਼ਾ ਦਿਲਦਾਰ 26
- ਤੇਰੇ ਵਾਂਗੂੰ..... 27
- ਕੀ ਦੱਸਾਂ! 28
- ਯਾਦਾਂ ਦੇ ਸਹਾਰੇ 29
- ਗੁਲਾਬ ਵਰਗੇ ਸੱਜਣ 30
- ਇੱਕ ਮੁੱਖ...... 31
- ਤਾਂ ਕੀ ਕਰਦੇ 32
- ਰਿਸ਼ਤਾ 33
- ਜ਼ਿੰਦਗੀ ਦੇ ਗੀਤ 34
- ਅਣਜਾਨ ਹਾਂ...... 35
- ਤਲਾਸ਼ ਹੈ....... 36
- ਖ਼ਬਰ ਨਹੀਂ ਕੋਈ...... 37
- ਬੇ-ਰਹਿਮ ਹਵਾਵਾਂ........ 38
- ਮਹਿਰਮ 39
- ਉਹਦੀ ਮੁਹੱਬਤ 40
- ਦੁੱਖ ਨਹੀਂ.... 41
- ਗੁਨਾਹਗਾਰ ਹਾਂ 42
- ਅਧੂਰੀਆਂ ਬਾਤਾਂ 43
- ਖ਼ਾਮੋਸ਼ ਹੋ ਕੇ....... 44
- ਪੀਂਦਾ ਹਾਂ 45
- ਜਦੋਂ ਲੋਕ...... 46
- ਇਹ ਹਿੰਦੋਸਤਾਨ ਨਹੀਂ...... 47
- ਵਤਨ ਦੇ ਰਹਿਬਰਾਂ ਨੂੰ....... 48
- ਕਬੱਡੀ ਖਿਡਾਰੀ ਦਿਲਬਰ ਝਨੇਰ 49
- ਦਿਲ ਦੀ ਕਿਤਾਬ........ 51
- ਦਿਲ ਦਾ ਸਫਾ...... 52

- ਚੰਨ ਜਿਹੀਆਂ ਮੂਰਤਾਂ 53
- ਉਹਨਾਂ ਦਾ ਦਰਦ 54
- ਫ਼ਰਿਆਦ 56
- ਸ਼ਿਵ ਕੁਮਾਰ ਜੀ ਦੇ ਨਾਂ 59
- ਯਰਾਨੇ 61
- ਕੀ ਪੁੱਛਦੇ ਹੋ...... 64
- ਅੰਮ੍ਰਿਤਾ ਪ੍ਰੀਤਮ ਜੀ ਦੇ ਨਾਂ 66
- ਜਗ-ਮਗ 68
- ਮੇਰੇ ਪਿਆਰ ਦੀ ਕਹਾਣੀ 71
- ਕੁੜੀਆਂ ਦੇ ਗੀਤ 73
- ਕੁਝ ਅਰਮਾਨ 75
- ਸੱਜਣਾ ਵੇ ਸੱਜਣਾ 77
- ਇੱਕ ਰਾਣੀ ਮੇਰੇ ਸੁਪਨਿਆਂ ਦੀ 79
- ਗੱਲ ਪੁਰਾਣੀ 81
- ਇੱਕ ਗੀਤ 83
- ਮੈਂ ਬਦਨਾਮ....... 85
- ਇੱਕ ਸਨਮ ਦੀ ਇੱਕ ਕਹਾਣੀ 86
- ਉਹਦੀ ਯਾਦ ਨੂੰ 88
- ਹਕੀਕਤ...... 89
- ਹੁਣ ਜਦੋਂ ਤੂੰ ਮਿਲੀ....... 90
- ਇੱਕ ਕਵਿਤਾ 91
- ਤੇਰੇ ਜਾਣ ਤੋਂ ਪਿੱਛੋਂ......... 92
- ਸੁਪਨਾ........ 94
- ਮਾਏ ਨੀ ਮਾਏ....... 96
- ਸੂਰਜ ਦਾ ਪ੍ਰਛਾਵਾਂ 98
- ਬੇਵੱਸੀ 100
- ਜ਼ਿੰਦਗੀ ਦਾ ਗੀਤ 102
- ਅੰਮ੍ਰਿਤਾ ਪ੍ਰੀਤਮ ਜੀ ਦੇ ਨਾਂ.... 104
- ਸੁਰਜੀਤ ਬਿੰਦਰੱਖੀਆ ਨੂੰ.... 106
- ਮੇਰਾ ਕਵਿਤਾ ਲਿਖਣ ਦਾ ਸ਼ੌਕ 108

### ''ਦੇਬੀ ਮਖਸੂਸਪੁਰੀ''

## ਦੇਬੀ ਮਹਿਬੂਬ

ਮੇਰਾ ਰੱਬ, ਮਾਸ਼ੂਕ ਮੇਰਾ ਯਾਰ ਦੇਬੀ,
ਦੇਬੀ ਹੀ ਮੇਰੀ ਜਿੰਦਗਾਨੀ ਏ,
ਮੇਰਾ ਵਿਸ਼ਵਾਸ, ਇਮਾਨ ਮੇਰਾ ਪਿਆਰ ਦੇਬੀ,
ਦੇਬੀ ਨਾਮ ਹੀ ਮੇਰੀ ਜਵਾਨੀ ਏ।
ਮੇਰਾ ਰੱਬ, ਮਾਸ਼ੂਕ ਮੇਰਾ ਯਾਰ ਦੇਬੀ...........

ਸਾਡਾ ਮੱਕਾ-ਮਦੀਨਾ ਤੇ ਕੁਰਾਨ ਦੇਬੀ,
ਸਾਨੂੰ ਰੱਬ ਸੱਚੇ ਦੇ ਹੈ ਸਮਾਨ ਦੇਬੀ,
ਮੇਰੇ ਦਿਲ ਦਾ ਹੈ ਇੱਕ ਅਰਮਾਨ ਦੇਬੀ,
ਮੇਰੀ ਜਿੰਦ ਦੇਬੀ, ਮੇਰੀ ਜਾਨ ਦੇਬੀ,
ਗੁਰੂਆਂ, ਪੀਰਾਂ ਦੀ ਬਖਸ਼ੀ ਹੋਈ ਰਹਿਮਤ-
ਫ਼ਕੀਰਾਂ, ਮਸਤ-ਮਲੰਗਾਂ ਦੀ ਹੈ ਜੁਬਾਨ ਦੇਬੀ,
ਸਾਨੂੰ ਉਸ ਦੇ ਚਰਨੀਂ ਥਾਂ ਬਖ਼ਸ਼ੀ-
ਉਸ ਦਾਤੇ ਦੀ ਦਾਤ ਲਾਸਾਨੀ ਏ।
ਮੇਰਾ ਰੱਬ, ਮਾਸ਼ੂਕ ਮੇਰਾ ਯਾਰ ਦੇਬੀ.........

ਸੱਚੇ ਆਸ਼ਕਾਂ ਦਾ ਹੈ ਕਲਾਮ ਦੇਬੀ,
ਮੇਰੀ ਚਾਹਤ ਦਾ ਹੈ ਮੁਕਾਮ ਦੇਬੀ,
ਯਾਰਾਂ ਨਾਮੇ ਮੇਰਾ ਇੱਕ ਸਲਾਮ ਦੇਬੀ,
ਮਹਿਬੂਬ ਤੱਕ ਮੇਰਾ ਆਖਰੀ ਪੈਗਾਮ ਦੇਬੀ,
ਦੇਬੀ ਨਾਮ ਨਾਲ ਹੈ ਪਹਿਚਾਣ ਮੇਰੀ—
ਵੀਣੀ ਉਤੇ ਖੁਣਵਾਇਆ ਸ਼ਰੇਆਮ ਦੇਬੀ,
ਦੇਬੀ ਨਾਮ ਦਾ ਮੇਰੀ ਚੀਚੀ ਵਿੱਚ ਛੱਲਾ-
ਦੇਬੀ ਨਾਮ ਦੀ ਹੀ ਗਲ ਗਾਨੀ ਏ।
ਮੇਰਾ ਰੱਬ, ਮਾਸ਼ੂਕ ਮੇਰਾ ਯਾਰ ਦੇਬੀ.........

ਆਪਣੇ ਆਪ ਵਿੱਚ ਨਿਵੇਕਲਾ ਇੱਕ ਅੰਦਾਜ਼ ਦੇਬੀ,
ਤਾਹੀਂ ਲੱਖਾਂ ਦਿਲਾਂ ਤੇ ਕਰਦਾ ਹੈ ਰਾਜ ਦੇਬੀ,
ਪੰਜਾਬੀ ਲੋਕ-ਗੀਤਾਂ ਦਾ ਹੈ ਕੋਈ ਸਾਜ ਦੇਬੀ,
ਮਾਂ-ਬੋਲੀ ਦੇ ਸਿਰ ਦਾ ਏ ਤਾਜ ਦੇਬੀ,
ਪਾਤਰ-ਜਗਤਾਰ ਦੀਆਂ ਗਜ਼ਲਾਂ ਦਾ ਸਰੂਪ ਨਵਾਂ—
ਸ਼ਿਵ ਕੁਮਾਰ ਦੀ ਹੈ ਦੂਜੀ ਆਵਾਜ਼ ਦੇਬੀ,
'ਦੀਪ ਵੀਤ' ਤਾਂ ਆਸ਼ਕ ਨੇ ਨਿਮਾਣੇ ਜਿਹੇ-
ਕੁੱਲ ਦੁਨੀਆਂ ਉਸਦੀ ਅਦਾ ਦੀ ਦੀਵਾਨੀ ਏ।

ਮੇਰਾ ਰੱਬ, ਮਾਸ਼ੂਕ ਮੇਰਾ ਯਾਰ ਦੇਬੀ,
ਦੇਬੀ ਹੀ ਮੇਰੀ ਜਿੰਦਗਾਨੀ ਏ,
ਮੇਰਾ ਵਿਸ਼ਵਾਸ, ਇਮਾਨ ਮੇਰਾ ਪਿਆਰ ਦੇਬੀ,
ਦੇਬੀ ਨਾਮ ਹੀ ਮੇਰੀ ਜਵਾਨੀ ਏ।

## ਦਾਸਤਾਨ

ਹੱਥ ਤੇਰੇ ਜਦੋਂ ਦੇ ਸਾਡੇ ਹੱਥਾਂ ਵਿੱਚੋਂ ਛੁੱਟ ਗਏ,
ਹਿਜਰਾਂ ਦੇ ਅਸ਼ਕ ਪੀ ਹੋ ਅਸੀਂ ਗੁੱਟ ਗਏ।

ਤੂੰ ਸਾਡੇ ਕੋਲੋਂ ਦੂਰੀਆਂ ਜਦੋਂ ਦੀ ਪਾ ਗਈ,
ਸਾਡੇ ਸਾਰੇ ਰੰਗਲੇ ਜੇ ਸੁਪਨੇ ਨੇ ਟੁੱਟ ਗਏ।

ਇੰਝ ਹੀ ਰਹਿਣ ਦਿਓ ਸਦਾ ਤਾਜੇ ਇਨ੍ਹਾਂ ਨੂੰ,
ਕੋਲ ਕੀ ਰਹੇਗਾ ਮੇਰੇ ਜੇ ਜਖ਼ਮ ਇਹ ਸੁੱਕ ਗਏ।

ਦੋਸ਼ ਕੀ ਗੈਰਾਂ ਨੂੰ ਕੀ ਸ਼ਿਕਵਾ ਤਕਦੀਰਾਂ ਤੇ,
ਜਿਹੜੇ ਸਾਡੇ ਅਪਣੇ ਸੀ ਓਹੀ ਸਾਨੂੰ ਲੁੱਟ ਗਏ।

ਮੁੱਖ ਜਿਸ 'ਵੀਤ' ਦਾ ਸੀ ਚੰਨ ਵਾਂਗ ਚਮਕਦਾ,
ਤਾਰਿਆਂ ਦੀ ਲੋਅ ਵਿੱਚ ਉਹ ਹਾਸੇ ਕਿਤੇ ਲੁੱਕ ਗਏ।

ਸਧਰਾਂ ਨਿਮਾਣੀਆਂ ਦੀ ਜਦ ਚਿਖ਼ਾ ਬਲਦੀ ਵੇਖ ਲਈ,
ਚਾਅ ਮੇਰੇ ਦਿਲ ਦੇ ਅਪਣੇ ਆਪ ਸਾਰੇ ਮੁੱਕ ਗਏ।

ਅੱਜ ਨਹੀਂ ਤਾਂ ਕੱਲ੍ਹ ਸੁੱਕ ਹੀ ਜਾਂਦੇ ਨੇ ਆਖਰ!
ਖਿਲੇ ਹੋਏ ਫੁੱਲ ਜੋ ਟਾਹਣੀਆਂ ਤੋਂ ਟੁੱਟ ਗਏ।

ਮੌਤ ਸਾਨੂੰ ਲੈਣ ਆਈ ਕਾਹਤੋਂ ਅੱਗੇ ਲੰਘ ਗਈ,
ਕੀਹਦੀ ਏ ਉਡੀਕ 'ਵੀਤ' ਜਿਸ ਲਈ ਅਸੀਂ ਰੁਕ ਗਏ।

## ਦੁੱਖ ਨਹੀਂ......

ਦੁੱਖ ਨਹੀਂ ਕਿ ਤੂੰ ਅੱਜ ਪਰਾਈ ਹੋ ਗਈ,
ਦੁੱਖ ਹੈ ਕਿ ਤੈਨੂੰ ਹੱਥਾਂ 'ਚੋਂ ਗਵਾਇਆ ਏ।

ਦੁੱਖ ਨਹੀਂ ਕਿ ਹੱਥੀਂ ਕੰਡੇ ਫੜ ਬੈਠੇ ਹਾਂ,
ਦੁੱਖ ਹੈ ਫੁੱਲਾਂ ਤੋਂ ਜ਼ਖ਼ਮ ਮੈਂ ਪਾਇਆ ਏ।

ਦੁੱਖ ਨਹੀਂ ਤੂੰ ਮੈਥੋਂ ਜੁਦਾ ਹੋ ਗਯਾ ਏਂ,
ਦੁੱਖ ਹੈ ਹੱਥ ਤੂੰ ਹੋਰ ਨੂੰ ਫੜਾਇਆ ਏ।

ਦੁੱਖ ਨਹੀਂ ਮੇਰਾ ਕੋਈ ਹਮਸਫ਼ਰ ਨਹੀਂ,
ਦੁੱਖ ਹੈ ਦਿਲ ਵਿੱਚੋਂ ਮੰਜ਼ਿਲਾਂ ਨੂੰ ਭੁਲਾਇਆ ਏ।

ਦੁੱਖ ਨਹੀਂ ਕਿ ਤੇਰਾ ਗਮ ਮਾਰ ਗਯਾ ਮੈਨੂੰ,
ਦੁੱਖ ਹੈ ਮੌਤ ਨੇ ਨ ਗਲ ਨਾਲ ਲਾਇਆ ਏ।

ਦੁੱਖ ਨਹੀਂ ਕਿ ਹਾਸੇ ਖੁਸ਼ੀਆਂ ਲੁਟਾ ਬੈਠੇ ਹਾਂ,
ਦੁੱਖ ਹੈ ਕਿ ਦੁੱਖ ਸਾਥੋਂ ਜਾਂਦਾ ਨ ਲੁਕਾਇਆ ਏ।

ਦੁੱਖ ਨਹੀਂ ਕਿ ਹਸਰਤਾਂ ਅਧੂਰੀਆਂ ਰਹਿ ਗਈਆਂ,
ਦੁੱਖ ਹੈ ਕਿ ਦਰਦ ਤੇਰੀ ਪੀੜ ਦਾ ਸਰਮਾਇਆ ਏ।

ਦੁੱਖ ਨਹੀਂ ਕਿ ਰੋਗ 'ਵੀਤ' ਉਮਰਾਂ ਦੇ ਲਾ ਬੈਠੇ,
ਦੁੱਖ ਹੈ ਕਿ ਗੈਰਤਮੰਦਾਂ ਨੂੰ ਅਪਣਾ ਬਣਾਇਆ ਏ।

## ਵਿਯੋਗ ਜੀਹਦਾ........

ਵਿਯੋਗ ਜੀਹਦੇ ਹਿਜਰਾਂ ਦਾ ਹੱਡਾਂ ਨੂੰ ਏ ਖਾਈ ਜਾਂਦਾ,
ਮਰ ਮੁੱਕ ਜਾਣਾ ਦਿਲ ਓਸੇ ਨੂੰ ਹੀ ਚਾਹੀ ਜਾਂਦਾ।

ਸਾਡਾ ਫਰਜ਼ ਅਦਾ ਕਰਨਾ ਬਾਕੀ ਰਹਿੰਦਾ ਏ ਹਾਲੇ,
ਕਿਵੇਂ ਨ ਕਿਵੇਂ ਉਹ ਤਾਂ ਲਾਹਵੇ ਆਪਣੇ ਲਾਹੀ ਜਾਂਦਾ।

ਅਰਸਾ ਪਹਿਲਾਂ ਜਿਹਨਾਂ ਨੂੰ ਮਾਰ ਦਿੱਤਾ ਸੀ ਮਨ ਨੇ,
ਯਾਦ ਕਰ ਉਸੇ ਨੂੰ ਦਿਲ ਅੱਥਰੂ ਵਹਾਈ ਜਾਂਦਾ।

'ਵੀਤ' ਮਿੱਟੀ ਦੇ ਸਰੀਰ ਨੇ ਮਿੱਟੀ ਹੀ ਹੋ ਜਾਣਾ ਸੀ,
ਮਰਜਾਣੀ ਦੇ ਵਿਛੜਣ ਦਾ ਦੁੱਖ ਹੀ ਬਚਾਈ ਜਾਂਦਾ।

## ਤਨਹਾਈ ਦੀ ਮਹਿਫ਼ਲ

ਤਨਹਾਈ ਦੀ ਮਹਿਫ਼ਲ ਵਿੱਚ ਜਿਕਰ ਤੇਰਾ ਛੇੜ ਲਿਆ,
ਜਿਵੇਂ ਖਿਡੌਣੇ ਨਾਲ ਖੇਡੀਦਾ ਤੂੰ ਸਾਡੇ ਨਾਲ ਖੇਡ ਲਿਆ।

ਇੱਕੋ ਸ਼ਿਕਵਾ ਸੀ ਸਾਡੇ ਕੋਲ ਕੋਈ ਯਾਦਗਾਰ ਨਹੀਂ ਤੇਰੀ,
ਅਸ਼ਕ ਅੱਖੀਆਂ ਦੇ ਦੇਖ ਕੇ ਇਹ ਰੌਲਾ ਵੀ ਨਿਬੇੜ ਲਿਆ।

ਜਿਉਂਦਾ ਤਾਂ ਹੈ ਪਰ ਮੌਤ ਦੀ ਚਾਹਤ ਲੈ ਕੇ,
ਗੇੜ ਜਿਸ ਨੇ ਵੀ ਇਸ਼ਕੇ ਦਾ ਗੇੜ ਲਿਆ।

ਕੀ ਮਿਲਣਾ ਏ ਤੈਨੂੰ ਯਾਦ ਨੂੰ ਫ਼ਰੋਲ ਕੇ,
'ਵੀਤ' ਐਵੇਂ ਭਰਦੇ ਜਾਂਦੇ ਜ਼ਖਮਾਂ ਨੂੰ ਉਚੇੜ ਲਿਆ।

## ਬੇ-ਵਫ਼ਾ ਜ਼ਿੰਦਗੀ

ਜ਼ਿੰਦਗੀ ਮੇਰੀ ਬੇ–ਵਫ਼ਾ ਹੋ ਗਈ,
ਕਿਸਮਤ ਮੇਰੇ ਨਾਲ ਖਫ਼ਾ ਹੋ ਗਈ,
ਯਾਰ  ਗਵਾ ਲਏ, ਰੋਗ ਉਮਰਾਂ ਦੇ ਲਾ ਲਏ—
ਨ ਜਾਣੇ ਕੀ ਮੇਰੇ ਤੋਂ ਖਤਾ ਹੋ ਗਈ....।

ਦਿਲ ਦੀਆਂ ਸਧਰਾਂ ਨੂੰ ਲਾਂਬੂ ਲੱਗ ਗਏ,
ਉਮਰ ਕੈਦ ਦੀ ਹਾਸਿਆਂ ਨੂੰ ਸਜ਼ਾ ਹੋ ਗਈ।

ਹਾਲ ਮੇਰਾ ਹੋ ਗਯਾ ਸ਼ਰਾਬੀਆਂ ਜਿਹਾ,
ਜੁਦਾਈ ਵੀ ਤੇਰੀ ਨਸ਼ਾ ਹੋ ਗਈ।

ਜਦੋਂ ਦੇ ਤੂੰ ਸਾਡੇ ਵੱਲੋਂ ਮੁੱਖ ਮੋੜ ਲਏ,
ਕਾਗਜ਼ ਤੇ ਕਲਮਾਂ ਨਾਲ ਸਾਂਝ ਪੈ ਗਈ।

ਹਿਜਰਾਂ ’ਚੋਂ ਕੂਕਾਂ ਮੈਂ ਵਾਂਗ ਪਪੀਹੇ ਦੇ,
ਇਸ਼ਕੇ ’ਚ ਤੂੰ ਤਾਂ ਖੁਦਾ ਹੋ ਗਈ।

ਸਾਥ ਤੇਰਾ ਰਹਿੰਦਾ ਤਕਦੀਰ ਬਦਲ ਦਿੰਦੇ,
ਮਨਜ਼ੂਰ ਸਾਨੂੰ ਰੱਬ ਦੀ ਰਜ਼ਾ ਹੋ ਗਈ।

ਤੇਰੀ ‘ਪ੍ਰੀਤ’ ਵਾਲੇ ‘ਵੀਤ’ ਕੁੱਝ ਸਫ਼ੇ ਲਿਖਦੇ,
ਜ਼ਿੰਦਗੀ ਵੀ ਮੇਰੀ ਕੋਰਾ ਸਫ਼ਾ ਹੋ ਗਈ।

# ਜ਼ਿੰਦਗੀ ਦੀ ਕਹਾਣੀ

ਜ਼ਿੰਦਗੀ ਕਹਾਣੀ ਬਣੀ ਹਉਕਿਆਂ ਤੇ ਹਾਵਾਂ ਦੀ,
ਰਹੀ ਨਾ ਕੋਈ ਗੱਲ ਬਾਕੀ ਖੁਸ਼ੀਆਂ ਤੇ ਚਾਹਵਾਂ ਦੀ।

ਅੱਖੀਆਂ 'ਚੋਂ ਹੰਝੂ ਵਹਿੰਦੇ ਦਿਲ ਹਉਕੇ ਭਰਦਾ,
ਰੜਕਦੀ ਰਹੇ ਘਾਟ ਵਿਛੜੀਆਂ ਬਾਹਵਾਂ ਦੀ।

ਧੁੱਪਾਂ ਤਿਖੇਰੀਆਂ ਮੇਰੇ ਸਿਰ ਉੱਤੇ ਪੈਂਦੀਆਂ ਨੇ,
ਰਹੀ ਨਾ ਪ੍ਰਾਹੁਣੀ ਜਿੰਦ ਠੰਢੀਆਂ ਛਾਵਾਂ ਦੀ।

ਕਿੰਨੇ ਕੁ ਦਿਨਾਂ ਦਾ ਔਖੇ ਲਿਖਣਾ ਲਿਖਾਉਣਾ ਏ,
ਕੀ ਬੁਨਿਆਦ 'ਵੀਤ' ਮੁੱਕਦੇ ਹੋਏ ਸਾਹਵਾਂ ਦੀ।

# ਜਦੋਂ ਤੈਨੂੰ.....

ਇਹਨਾਂ ਅੱਖੀਆਂ ਦੇ ਵਿੱਚ ਇੱਕ ਉਹ ਵੀ ਨਸ਼ਾ ਸੀ,
ਜਦ ਤੈਨੂੰ ਪਿਆਰ ਦਾ ਮੈਂ ਮੰਨਦਾ ਖੁਦਾ ਸੀ।

ਇਹ ਵੀ ਸਮਾਂ ਹੈ ਇੱਕ ਉਹ ਵੀ ਸਮਾਂ ਸੀ,
ਦੀਵੇ ਜਦ ਬਾਲ ਕੇ ਤੈਨੂੰ ਮੈਂ ਉਡੀਕਦਾ ਸੀ।

ਦੀਦਾਰ ਤੇਰਾ ਲੋਚਦੇ ਸਾਂ, ਨਾ ਚੰਗਾ ਬੁਰਾ ਸੋਚਦੇ ਸਾਂ,
ਤੱਕਣੇ ਦੀ ਵੀ ਤੇਰੀ ਇੱਕ ਵੱਖਰੀ ਅਦਾ ਸੀ।

ਭੁੱਲਦੀ ਤਾਂ ਤੂੰ ਵੀ ਨਹੀਂ ਸੀ ਤੱਕਣਾ ਬਾਰੀ ਖੋਲ੍ਹ ਕੇ,
ਸ਼ਾਮੀਂ ਜਦ ਚੜ੍ਹ ਮੈਂ ਬਨੇਰਿਆਂ ਤੇ ਬੈਠਦਾ ਸੀ।

ਜਿਉਂਦੇ ਜੀ ਇਹ ਵੀ ਗੁਨਾਹ ਸਾਥੋਂ ਹੋਣੇ ਸੀ,
ਸਾਨੂੰ ਕੀ ਖ਼ਬਰ ਸੀ ਸਾਨੂੰ ਕੀ ਪਤਾ ਸੀ।

ਵਕਤ ਤੇ ਜ਼ਿੰਦਗੀ ਬੇ-ਵਫ਼ਾ ਹੋ ਗਏ ਨੇ,
ਜਿਨ੍ਹਾਂ ਨਾਲ ਪੈਰ-ਪੈਰ ਤੇ ਕੀਤੀ ਮੈਂ ਵਫ਼ਾ ਸੀ।

ਦਿਲ, ਦਿਲਦਾਰ, ਪਿਆਰ ਭਾਵੇਂ ਕੁੱਝ ਵੀ ਰਹੇ ਨਾ 'ਵੀਤ',
ਨਾਮ ਤੇਰਾ ਰਹਿਣਾ ਜੁੜਿਆ ਨਾਲ ਸਾਡੇ ਸਦਾ ਹੀ।

## ਤੁਰ ਗਯਾ ਤੂੰ.......

ਤੁਰ ਗਯਾ ਤੂੰ ਮੇਰੇ ਇਤਬਾਰ ਕਤਲ ਕਰਕੇ,
ਕੀਤੇ ਹੋਏ ਸਭ ਕੌਲ ਤੇ ਕਰਾਰ ਕਤਲ ਕਰਕੇ।

ਕੁੱਝ ਨੂੰ ਝੁਕਣਾ ਪੈ ਜਾਂਦਾ ਕੁੱਝ ਵਿਕ ਜਾਂਦੇ ਨੇ,
ਪੈਸੇ ਅੱਗੇ ਸਭ ਅਪਣੇ ਸਦਾਚਾਰ ਕਤਲ ਕਰਕੇ।

ਡਿਗਰੀਆਂ ਕਿਸੇ ਕੋਲ ਨੌਂਕਰੀਆਂ ਕਿਸੇ ਹੋਰ ਨੂੰ,
ਜਸ਼ਨ ਮਨਾਉਣ ਪੈਸੇ ਵਾਲੇ ਹੱਕਦਾਰ ਕਤਲ ਕਰਕੇ।

ਪਿਆਰ ਨੂੰ ਮਿਟਾਉਣ ਵਾਲੇ ਖੁਦ ਮਿਟ ਜਾਣਗੇ,
ਬਚਣਾ ਇਨਸਾਨ ਵੀ ਨਹੀਂ ਦਿਲੋਂ ਪਿਆਰ ਕਤਲ ਕਰਕੇ।

ਲਵੇਗਾ ਮੁੜ-ਮੁੜ ਕੇ ਦਿਲ ਨਾਮ ਉਸੇ ਦਾ ਰੋਜ਼,
ਵੇਖ ਲਿਓ ਚਾਹੇ ਮੈਨੂੰ ਸੌ ਵਾਰ ਕਤਲ ਕਰਕੇ।

ਦੋਸ਼ ਕੀ ਦੁਸ਼ਮਣਾਂ ਨੂੰ ਦੁਸ਼ਮਣ ਕਹਾਂ ਮੈਂ ਕੀਹਨੂੰ,
'ਵੀਤ' ਤੁਰ ਗਏ ਮੈਨੂੰ ਤਾਂ ਅਪਣੇ ਦਿਲਦਾਰ ਕਤਲ ਕਰਕੇ।

## ਉਹਦਾ ਅਹਿਸਾਨ ਹੋਵੇ

ਧੋਖ਼ੇਬਾਜ ਕਹਿਣ ਵਾਲਾ ਪਿਆਰ ਪਾਇਆ ਨਾ ਕਰੇ—
ਤਹੁਮਤਾਂ ਯਾਰ ਤੇ ਬੇ–ਵਫ਼ਾਈ ਦੀਆਂ ਲਾਇਆ ਨਾ ਕਰੇ,

ਲਿਖੀਆਂ ਇਬਾਰਤਾਂ ਹੱਥੀਂ ਅਪਣੇ ਪਿਆਰ ਭਰੀਆਂ–
ਪਾੜ ਕੇ ਹਵਾਵਾਂ ’ਚ ਉਡਾਇਆ ਨਾ ਕਰੇ,

ਨਾ ਉਡੀਕਦਾ ਹੋਵੇ ਮਹੀਵਾਲ ਪਾਰ ਝਨਾਂ ਤੋਂ—
ਕੋਈ ਘੜਾ ਕਦੇ ਸੋਹਣੀ ਨੂੰ ਡੁਬਾਇਆ ਨਾ ਕਰੇ,

ਸਭ ਜਾਣਦੇ ਨੇ ਮੈਂ ਪੀਤੀ ਨਹੀਂਓ ਕਦੇ—
ਜਾਮ ਅੱਖੀਆਂ ’ਚੋਂ ਉਹ ਵੀ ਪਿਆਇਆ ਨਾ ਕਰੇ,

ਪਿਆਰ ਮੁਹੱਬਤ ਤਾਂ ਹੁੰਦੇ ਜਨਮਾਂ ਦੀ ਸਾਂਝ—
ਹੁਸਨ ਕਿਸੇ ਦਾ ਕਦੇ ਦਿਲ ਭਰਮਾਇਆ ਨਾ ਕਰੇ,

ਕਾਹਤੋਂ ਤਾਰੇ ਸਾਡੇ ਵਿਹੜੇ ਮਹਿਮਾਨ ਬਣ ਆਉਣ—
ਮਹਿਫ਼ਲਾਂ ਗ਼ਮ ਦੀਆਂ ਚੰਨ ਜੇ ਸਜਾਇਆ ਨਾ ਕਰੇ,

ਮੈਂ ਤਾਂ ਮੁੱਦਤਾਂ ਤੱਕ ਉਹਦਾ ਇੰਤਜ਼ਾਰ ਕਰ ਲਵਾਂ—
ਦੀਵੇ ਉਮੀਦਾਂ ਵਾਲੇ ਹਵਾ ਜੇਕਰ ਬੁਝਾਇਆ ਨਾ ਕਰੇ,

ਮੌਤ ਨੂੰ ਮਿਲਣ ਦੀਆਂ ਸਭ ਚਾਹਤਾਂ ਵੀ ਛੱਡ ਦੇਵਾਂ—
ਸ਼ਰਤ ਅਵਾਜ਼ਾਂ ਮਾਰ ਉਹ ਵੀ ਬੁਲਾਇਆ ਨਾ ਕਰੇ,

ਜਿਸ ਰਾਤ ਨੂੰ ਲੁੱਟ ਜਾਵੇ ਪੁੰਨੂੰ ਹੋਤਾਂ ਉਸ ਤੋਂ—
ਉਹ ਸਵੇਰ ਕਿਸੇ ਸੱਸੀ ਨੂੰ ਜਗਾਇਆ ਨਾ ਕਰੇ,

ਜਿਹੜੀ ਸਾਹਾਂ ਵਿੱਚ ਵਸੀ ਕਿਵੇਂ ਭੁੱਲ ਜਾਵਾਂ ‘ਵੀਤ’—
ਉਹਦਾ ਅਹਿਸਾਨ ਹੋਵੇ ਉਹੀ ਚੇਤੇ ਆਇਆ ਨਾ ਕਰੇ,

## ਚੁਬਾਰਿਆਂ ਦੇ ਵਿੱਚ

ਅਸੀਂ ਕੁੱਲੀਆਂ ਦੇ ਵਿੱਚ, ਤੂੰ ਚੁਬਾਰਿਆਂ ਦੇ ਵਿੱਚ—
ਕੋਈ ਹੌਸਲਾ ਨ ਬਾਕੀ ਤੇਰੇ ਮਾਰਿਆਂ ਦੇ ਵਿੱਚ,

ਨਾ ਪਤਾ ਸੀ ਤੋੜ ਜਾਣੇ ਤੂੰ ਵੀ ਅਰਮਾਨ ਦਿਲ ਦੇ—
ਤੂੰ ਹੀ ਲੱਗਦਾ ਸੀ ਆਪਣਾ ਇਹਨਾਂ ਸਾਰਿਆਂ ਦੇ ਵਿੱਚ,

ਤੜਫਦੀ ਹੀਰ ਹਰ ਪਲ ਯਾਦ ਰਾਂਝਣੇ ਨੂੰ ਕਰ ਕੇ—
ਉਹ ਖੇੜ੍ਹਿਆਂ ’ਚ ਨਹੀਂ ਜੋ ਹਜ਼ਾਰਿਆਂ ਦੇ ਵਿੱਚ,

ਤੇਰੇ ਕਰਕੇ ਹਜ਼ਾਰਾਂ ਗ਼ਮ ਅਸੀਂ ਆਪਣੇ ਬਣਾਏ—
‘ਜ਼ਿੰਦਗੀ’ ਉਲਝ ਕੇ ਰਹਿ ਗਈ ਤੇਰੇ ਲਾਰਿਆ ਦੇ ਵਿੱਚ,

ਸੁੰਨੇ ਹੋ ਗਏ ਬਨੇਰੇ ਸੁੰਨੇ ਹੋ ਗਏ ਚੁਬਾਰੇ—
ਕਿਤੇ ਨਜ਼ਰੀਂ ਨ ਪੈਂਦੀ ਤੂੰ ਪਾਸੇ ਚਾਰਿਆਂ ਦੇ ਵਿੱਚ,

ਕਿਸੇ ਨੂੰ ਹਰਾਈਏ ਅਸੀਂ ਕਿਹੜੇ ਹੌਸਲੇ ਦੇ ਨਾਲ—
ਨ ਕੋਈ ਜਿੱਤਣ ਦੀ ਚਾਹਤ ਤੈਥੋਂ ਹਾਰਿਆਂ ਦੇ ਵਿੱਚ,

ਉਹਨੂੰ ਪਾਉਣ ਦਾ ਖਿਆਲ ਸਾਡਾ ਖੁਆਬ ਹੋ ਗਯਾ—
ਦਿਨੇਂ ਫੁੱਲਾਂ ਦੀ ਪਰਾਹੁਣੀ ਰਾਤੀਂ ਤਾਰਿਆਂ ਦੇ ਵਿੱਚ,

ਜ਼ਰਾ ਸੰਭਾਲ ਲਵੀਂ ‘ਵੀਤ’ ਕਿਤੇ ਡੁੱਲ ਨ ਜਾਵਣ—
ਉਹਦੀ ਲੁਕੀ ਬੇ-ਵਫਾਈ ਹੰਝੂ ਖਾਰਿਆਂ ਦੇ ਵਿੱਚ,

## ਹੁਸਨ ਵਾਲੇ

ਹੁਸਨ ਵਾਲੇ ਫੁੱਲਾਂ ਨੂੰ ਸਿਖਾਉਂਦੇ ਨੇ ਹੱਸਣਾ—
ਚੋਰੀ-ਚੋਰੀ ਦਿਲਾਂ ਦੇ ਵਿੱਚ ਵੱਸਣਾ,
ਆਪ ਨ ਇਹ 'ਪ੍ਰੀਤ' ਨਿਭਾਉਣੀ ਜਾਣਦੇ—
ਯਾਰਾਂ ਤੋਂ ਜੁਦਾਈ ਲੰਬੀ ਪਾਉਣੀ ਜਾਣਦੇ,
ਵਫ਼ਾ ਵਾਲੇ ਅੱਖਰ ਸਿੱਖੇ ਨ ਇਹਨਾਂ ਚਾਰ—
ਇਸ਼ਕ ਇਹਨਾਂ ਲਈ ਬਣ ਰਹਿ ਗਯਾ ਵਪਾਰ,
ਦੌਲਤ ਵਾਲਿਆਂ ਤੋਂ ਸਿੱਖ ਲਉ ਦਿਲ ਤੋੜਨਾ—
ਅਪਣੇ ਬਣਾ ਕੇ 'ਮੀਤ' ਮੁੱਖ ਮੋੜਨਾ,
ਸੋਹਣੇ ਮੁੱਖ ਤੋਂ ਸਿੱਖ ਲਵੋ ਝੂਠ ਬੋਲਣਾ—
ਚਾਂਦੀ ਵਾਲੇ ਪੱਲਿਆਂ 'ਚ ਪਿਆਰ ਤੋਲਣਾ,
ਸਿੱਖ ਲਵੋ ਚਾਹਤਾਂ ਨੂੰ ਸੂਲੀ ਚਾੜ੍ਹਨਾ—
ਸਧਰਾਂ  ਦਾ ਦਿਲ ਵਿੱਚੋਂ ਵਰਕਾ ਪਾੜ੍ਹਨਾ,
ਝੂਠੇ ਵਾਅਦੇ ਇਹਨਾਂ ਕੋਲੋਂ ਪਾਉਣੇ ਸਿੱਖ ਲਉ—
ਅਵੱਲੇ ਫ਼ੱਟ ਜਿਗਰ ਤੇ ਲਾਉਣੇ ਸਿੱਖ ਲਉ,
ਅਪਣਾ ਬਣਾ ਕੇ ਦਿਲ 'ਚੋਂ ਵਿਸਾਰਨਾ—
ਹੰਝੂਆਂ 'ਚ ਡੋਬ ਫੇਰ ਲੈਂਦੇ ਸਾਰ ਨਾ,
ਦੌਲਤਾਂ ਤੇ ਹੁਸਨਾਂ ਦਾ ਗਰੂਰ ਕਰਨਾ—
ਅੱਲ੍ਹੇ-ਅੱਲ੍ਹੇ ਜ਼ਖ਼ਮਾਂ ਤੇ ਹੱਥ ਧਰਨਾ,
ਕਾਹਤੋਂ ਦੀਵਾਨੇ ਇਹਨਾਂ ਲਈ ਨੇ ਮਰਦੇ—
ਕਾਹਤੋਂ ਲੋਕਾਂ ਦੇ ਤਾਹਨੇ-ਮਿਹਣੇ ਜਰਦੇ,
ਦਿਲ ਵਿੱਚ ਵੱਸ ਅੱਖੀਆਂ ਤੋਂ ਦੂਰ ਹੋਣਾ ਸਿੱਖ ਲਓ—
'ਵੀਤ' ਹੁਸਨ ਵਾਲਿਆਂ ਤੋਂ ਮਜਬੂਰ ਹੋਣਾ ਸਿੱਖ ਲਓ,

# ਜ਼ਿੰਦਗੀ

ਤੇਰੇ ਪਿਆਰ ਦੇ ਸਹਾਰੇ ਜੀ ਰਿਹਾ 'ਜ਼ਿੰਦਗੀ'
ਨਿੱਤ ਦਾਰੂ ਵਿੱਚ ਘੋਲ ਕੇ ਪੀ ਰਿਹਾ 'ਜ਼ਿੰਦਗੀ'

ਬਿਨਾਂ ਆਈ ਤੋਂ ਮਰੀ ਮੇਰੀ 'ਖ਼ਾਮੋਸ਼ ਜ਼ਿੰਦਗੀ'
ਹਰ ਮੋੜ ਤੇ ਸੀ ਭਾਵੇਂ 'ਨਿਰਦੋਸ਼ ਜ਼ਿੰਦਗੀ'

ਮੈਂ ਵੀ ਸਕਦਾ ਸੀ ਖੁਸ਼ੀਆਂ ਭਰੀ ਹੰਢਾਅ 'ਜ਼ਿੰਦਗੀ'
ਕਿਸੇ ਨਾਂ ਕਰ ਦੇਣਾ ਹੈ ਗੁਨਾਹ 'ਜ਼ਿੰਦਗੀ'

ਮੈਨੂੰ ਆਪਣੀ ਹੀ ਮਾਰ ਗਈ 'ਜ਼ਿੰਦਗੀ'
ਜਿੱਤ ਕੇ ਵੀ ਆਖ਼ਰ ਹਾਰ ਗਈ 'ਜ਼ਿੰਦਗੀ'

ਬੂਹੇ ਨਜ਼ਰਾਂ ਦੇ ਕਿਉਂ  ਢੋਅ ਗਈ 'ਜ਼ਿੰਦਗੀ'
ਖੌਰ੍ਹੇ ਕਿਹੜੇ ਰਾਹਾਂ ਵਿੱਚ ਖੋ ਗਈ 'ਜ਼ਿੰਦਗੀ'

ਲੋਕੀਂ ਆਖਣ ਬੜੀ 'ਖੂਬਸੂਰਤ ਹੁੰਦੀ ਜ਼ਿੰਦਗੀ'
ਮੈਂ ਆਖਾਂ ਬੜੀ 'ਕੁਰੱਖ਼ਤ ਹੁੰਦੀ ਜ਼ਿੰਦਗੀ'

ਦਾਗ ਜੁਦਾਈ ਵਾਲੇ ਨਾ ਧੋਣ ਦਿੰਦੀ 'ਜ਼ਿੰਦਗੀ'
ਨ ਹੱਸਣ ਦਿੰਦੀ ਨ ਰੋਣ ਦਿੰਦੀ 'ਜ਼ਿੰਦਗੀ'

ਬੇ–ਵਸੀ ਤੇ ਲਾਚਾਰੀ ਨਾਲ ਭਰੀ ਮਜਬੂਰ 'ਜ਼ਿੰਦਗੀ'
ਹਰ ਦਿਨ ਜਾਂਦੀ ਰਹੀ ਮੈਥੋਂ ਦੂਰ 'ਜ਼ਿੰਦਗੀ'

ਗ਼ਮ ਹੰਢਾਉਣਾ ਤੇ ਹੰਝੂ ਵਹਾਉਣਾ ਸਿਖਾਵੇ 'ਜ਼ਿੰਦਗੀ'
ਦਿਲ ਪਰਚਾਉਣਾ ਤੇ ਸਮਝਾਉਣਾ ਸਿਖਾਵੇ 'ਜ਼ਿੰਦਗੀ'

ਤੋਹਫਾ ਮੌਤ ਦਾ ਦੇ ਗਈ ਮੈਨੂੰ ਆਪਣੀ ਹੀ 'ਜ਼ਿੰਦਗੀ'
'ਵੀਤ' ਸੱਜਣਾ ਦੇ ਬਿਨਾਂ ਜਿਉਣੀ ਹੁੰਦੀ ਕੀ 'ਜ਼ਿੰਦਗੀ'

## ਜਿਕਰ ਤੇਰੇ.......

ਮਹਿਫ਼ਲਾਂ ਵਿੱਚ ਜਿਕਰ ਤੇਰੇ ਰਹੇ ਚੱਲ ਨੇ,
ਮੇਰੇ ਦਿਲ ਕੋਲੋਂ ਨਹੀਓਂ ਹੁੰਦੇ ਝੱਲ ਨੇ।

ਪਿਆਰ ਵਾਲੇ ਸਵਾਲ ਭਾਵੇਂ ਮੁਸ਼ਕਿਲ ਨਹੀਂ,
ਪਰ ਕਿਤੋਂ ਵੀ ਇਹਨਾਂ ਦੇ ਨ ਮਿਲੇ ਹੱਲ ਨੇ।

ਰਤਾ ਦੱਸ ਤਾਂ ਇਹ ਤਾਰੇ ਮੇਰੇ ਕੀ ਲੱਗਦੇ,
ਤੇਰੇ ਮਾਤਮ ਵਿੱਚ ਨਾਲ ਮੇਰੇ ਜੋ ਜਾਂਦੇ ਰਲ ਨੇ।

ਜਿਨ੍ਹਾਂ ਵਿੱਚ ਸਾਡੇ ਦੋਹਾਂ ਦਾ ਅਤੀਤ ਛੁਪਿਆ,
ਇਹ ਹਰਫ਼ ਹੀ ਨਹੀਂ ਬੀਤੇ ਉਹੀਓ ਪਲ ਨੇ।

ਤੇਰੇ ਆਉਣ ਦੀਆਂ ਗੱਲਾਂ 'ਵੀਤ' ਕਹਾਣੀਆਂ ਹੀ ਜਾਪਣ,
ਨ ਹੀ ਤੂੰ ਮੁੜ ਆਉਣਾ ਨ ਆਉਣਾ ਤੇਰੀ ਕੱਲ੍ਹ ਨੇ।

## ਬੇ-ਵਫ਼ਾ ਦਿਲਦਾਰ

ਅਸੀਂ ਜਿੱਤ ਕੇ ਵੀ ਦੀਵਾਨੇ ਹੋਏ ਹਾਰ ਦੇ,
ਜਾਨ ਤੋਂ ਪਿਆਰੇ ਬੇ-ਵਫ਼ਾ ਦਿਲਦਾਰ ਦੇ।

ਨਾ ਚਾਹੁੰਦੇ ਵੀ ਬਣ ਬੈਠੇ ਸੌਦਾਗਰ,
ਜਿਸਮ ਵਿਕਣ ਜਿੱਥੇ ਇਸ਼ਕ ਬਜ਼ਾਰ ਦੇ।

ਗਰਜ ਭਰੀਆਂ ਮੁਹੱਬਤਾਂ ਤੇ ਖੜ੍ਹੀ ਦੁਨੀਆ,
ਬੜੇ ਮਤਲਬੀ ਨੇ ਲੋਕੀਂ ਇਸ ਸੰਸਾਰ ਦੇ।

ਕੋਈ ਇੱਕ ਬਣਾ ਸਾਡਾ ਦੁੱਖ ਵੰਡਾਉਣ ਲਈ,
ਚਾਹੇ ਗਮ ਤੂੰ ਮੈਨੂੰ ਹੋਰ ਕਈ ਹਜ਼ਾਰ ਦੇ।

ਸਾਰੇ ਹੀ ਮਲਾਰ ਪੂਰੇ ਨਹੀਂ ਸੀ ਹੋਏ,
ਪਾਰ ਝਨਾਂ ਤੋਂ ਬੈਠੇ ਮਹੀਵਾਲ ਯਾਰ ਦੇ।

ਹੰਝੂ ਕਦ ਦਿੱਤੇ ਤੂੰ ਪਤਾ ਹੀ ਨਹੀਂ ਲੱਗਿਆ,
ਹੁਣ ਪਤਾ ਨਹੀਂ ਜੁਦਾਈ ਤੇਰੀ ਕਦ ਮਾਰ ਦੇ।

ਲੁਕਾ ਲਵੀਂ ਹੰਝੂ ਦਫ਼ਨ ਕਰ ਲਵੀਂ ਚਾਹਤਾਂ ਨੂੰ,
ਜਾਹਰ ਹੋਣ ਨ ਦਈਂ ਭੇਦ ਉਹਦੇ ਪਿਆਰ ਦੇ।

ਮੌਤ ਕੱਲ੍ਹ ਹੀ ਆ ਜਾਵੇ, ਕੋਈ ਦੁੱਖ ਨਹੀਂ 'ਵੀਤ',
ਦੁੱਖ ਹੋਊ ਮਰ ਗਏ ਜੇ ਬਿਨ ਤੇਰੇ ਦੀਦਾਰ ਦੇ।

## ਤੇਰੇ ਵਾਂਗੂੰ.....

ਨਿੱਤ ਨਵੇਂ ਚਿਹਰਿਆਂ ਤੇ ਸਾਥੋਂ ਡੁੱਲਿਆ ਨ ਗਯਾ,
ਤੇਰੇ ਵਾਂਗੂੰ ਹਰ ਕਿਸੇ ਨਾਲ ਖੁੱਲਿਆ ਨ ਗਯਾ।

ਕਵਿਤਾ ਪੂਰੀ ਹੋਈ ਨਾ ਕਾਗਜ਼ ਵਾਂਗੂੰ ਕੋਰੇ ਰਹੇ,
ਜ਼ਿੰਦਗੀ ਦੇ ਰੰਗਾਂ 'ਚ ਸਾਥੋਂ ਘੁਲਿਆ ਨ ਗਯਾ।

ਤੂੰ ਤਾਂ ਸ਼ਰੇਆਮ ਸ਼ਹਿਰ 'ਚ ਨੀਲਾਮ ਕੀਤੀਆਂ ਵਫ਼ਾਵਾਂ,
ਸਾਥੋਂ ਚਾਂਦੀ ਵਾਲੇ ਪੱਲੜੇ ਵਿੱਚ ਤੁੱਲਿਆ ਨ ਗਯਾ।

ਵਕਤ ਦੇ ਨਾਲ-ਨਾਲ ਹਰ ਚੀਜ਼ ਬਦਲ ਜਾਂਦੀ ਏ,
ਤੂੰ ਵਕਤ ਨਾਲ ਚੱਲੀ ਸਾਥੋਂ ਚੱਲਿਆ ਨ ਗਯਾ।

ਹਾਰ ਕੇ ਸ਼ਰਾਬ ਦਾ ਸਹਾਰਾ ਤੱਕ ਲਿਆ ਮੈਂ,
ਜਦ ਰੋ-ਰੋ ਕੇ ਰਾਹਾਂ ਵਿਚ ਰੁੱਲਿਆ ਨ ਗਯਾ।

ਲੱਖਾਂ ਵਾਰ ਕੋਸ਼ਿਸ਼ ਕੀਤੀ ਰੋਜ਼ 'ਬਾਦਸ਼ਾਹਪੁਰੀ' ਨੇ,
ਮੇਰੀ ਕਿਸਮਤ ਸੀ 'ਵੀਤ' ਤੈਨੂੰ ਭੁੱਲਿਆ ਨ ਗਯਾ।

## ਕੀ ਦੱਸਾਂ !

ਜਿਸ ਦਿਨ ਦੀ ਜੁਦਾ ਤੂੰ ਮੇਰੇ ਤੋਂ 'ਪਰਮਜੀਤ' ਹੋਈ,
ਕੀ ਦੱਸਾਂ ! ਕਿੰਝ ਦਿਨ ਬੀਤੇ, ਕਿਵੇਂ ਰਾਤ ਬਤੀਤ ਹੋਈ,

ਬਲਿਆ ਨਾ ਹੁਣ ਕਦੇ ਦੀਵਾ ਸਾਡੇ ਚਾਹਵਾਂ ਦਾ—
ਜਿੱਦਣ ਦੀ ਰਾਖ਼ ਸਧਰਾਂ ਦੇ ਸਿਵੇ ਵਾਲੀ ਸੀਤ ਹੋਈ,

ਤੇਰੇ ਮੇਰੇ ਕੁਝ ਵੀ ਵੱਸ ਵਿੱਚ ਨਹੀਂ ਸੀ ਯਾਰਾ—
ਦੁਸ਼ਮਣ ਸਾਡੇ ਪਿਆਰਾਂ ਦੀ ਜੱਗ ਵਾਲੀ ਰੀਤ ਹੋਈ,

ਮੁਹੱਬਤ ਤੇਰੀ ਦਿਲ ਦੇ ਅਰਮਾਨਾਂ ਦਾ ਗੀਤ ਹੋਈ—
ਜੁਦਾਈ ਤੇਰੀ ਦੀ ਗੱਲ ਸਵੱਲੀ ਮਿੱਠਾ ਜਿਹਾ ਸੰਗੀਤ ਹੋਈ,

ਇੰਨਾ ਉਡੀਕਿਆ 'ਵੀਤ' ਬਾਦਸ਼ਾਹਪੁਰੀ ਨੇ ਤੈਨੂੰ—
ਜਿਊਣ ਦਾ ਮਕਸਦ ਹੀ ਤੇਰੀ ਉਡੀਕ ਹੋਈ,

## ਯਾਦਾਂ ਦੇ ਸਹਾਰੇ

ਅਸੀਂ ਯਾਦਾਂ ਦੇ ਸਹਾਰੇ ਜ਼ਿੰਦਗੀ ਕੱਟ ਤਾਂ ਲਵਾਂਗੇ,
ਕੁੱਝ ਗੁਆ ਦੇਵਾਂਗੇ ਚਲੋ ਕੁੱਝ ਖੱਟ ਤਾਂ ਲਵਾਂਗੇ।

ਹਰੇਕ ਕੋਲ ਨਹੀਂ ਕਹੀਦੀ ਗੱਲ ਅਪਣੇ ਦਿਲ ਦੀ,
ਉਮਰ ਭਰ ਲਈ ਸਬਕ ਇਹ ਰੱਟ ਤਾਂ ਲਵਾਂਗੇ।

ਕੁੱਝ ਹਾਸਲ ਨਾ ਕਰ ਸਕੇ ਜੇ ਇਸ਼ਕ 'ਚੋਂ ਅਸੀਂ,
ਹੱਸਦੇ ਵੱਸਦੇ ਘਰਾਂ ਨੂੰ ਹੱਥੀਂ ਪੱਟ ਤਾਂ ਲਵਾਂਗੇ।

ਰੱਬ ਵਸਲ ਦੇ ਦਿਨ ਲਿਆਵੇ ਨੀ ਤੂੰ ਅੰਬਰਾਂ 'ਚ ਉੱਡੇ,
ਅਸੀਂ ਧਰਤੀ ਤੇ ਖੜ੍ਹੇ ਤੈਨੂੰ ਤੱਕ ਤਾਂ ਲਵਾਂਗੇ।

ਇੱਕ ਸ਼ਰਤ ਹੈ ਸਾਡੀ 'ਵੀਤ' ਯਾਦ ਨ ਤੂੰ ਆਵੀਂ,
ਇਹਨਾਂ ਹੰਝੂਆਂ ਨੂੰ ਪਲਕਾਂ 'ਚ ਲਕੋਅ ਰੱਖ ਤਾਂ ਲਵਾਂਗੇ।

## ਗੁਲਾਬ ਵਰਗੇ ਸੱਜਣ

ਦੂਰੋਂ ਵੇਖਣ ਨੂੰ ਲੱਗਦੇ ਸੀ ਉਹ ਗੁਲਾਬ ਵਰਗੇ,
ਬੰਦ ਬੋਤਲਾਂ ਦੇ ਵਿੱਚ ਪਈ ਸ਼ਰਾਬ ਵਰਗੇ।

ਵੇਖ-ਵੇਖ ਕੇ ਉਹਨਾਂ ਨੂੰ ਦਿਨ ਬੀਤਦੇ ਗਏ,
ਦੀਦਾਰ ਉਨ੍ਹਾਂ ਦੇ ਸੀ ਨਸ਼ੇ ਬੇ-ਹਿਸਾਬ ਵਰਗੇ।

ਸਾਨੂੰ ਬਣਾ ਕੇ ਗੁਲਾਮ ਉਹ ਹੁਕਮ ਦਿੰਦੇ ਰਹੇ,
ਰੋਹਬ ਉਹਨਾਂ ਦੇ ਸੀ ਪਟਿਆਲੇ ਦੇ ਨਵਾਬ ਵਰਗੇ।

ਉਹਦਾ ਦੀਦਾਰ ਵੀ ਸਤਾਵੇ, ਉਹਦੀ ਜੁਦਾਈ ਵੀ ਰੁਲਾਵੇ,
ਨੈਣ ਬਣ ਗਏ ਨੇ ਵੱਗਦੇ ਝਨਾਬ ਵਰਗੇ।

ਅਸੀਂ ਖੁਦ ਹਾਂ ਹੈਰਾਨ ਉਹ ਕਿਵੇਂ ਭੁੱਲ ਗਏ,
ਬੋਲ ਉਹਨਾਂ ਦੇ ਸੀ 'ਸ਼ਿਵ' ਦੀ ਕਿਤਾਬ ਵਰਗੇ।

ਖੱਬੇ ਹੱਥ ਵਿੱਚ ਕਲਮਾਂ ਯਾਦਾਂ ਦੇ ਨਾਸੂਰ ਜਿਹੀਆਂ,
ਕੋਲ ਕਾਗਜ਼ ਨੇ ਕੋਰੇ 'ਵੀਤ' ਤੇਰੇ ਜਵਾਬ ਵਰਗੇ।

## ਇੱਕ ਮੁੱਖ......

ਗੁਲਾਬ ਦੇ ਫੁੱਲ ਜਿਹਾ 'ਇੱਕ ਮੁੱਖ' ਮਨਮੋਹਣਾ,
ਅਸੀਂ ਜਦ ਤੱਕ ਜਿਉਣਾ ਸਾਥੋਂ ਭੁੱਲ ਨਹੀਓਂ ਹੋਣਾ।

ਜਦ ਕਦੇ ਭੁੱਲ ਭੁਲੇਖੇ ਸਾਡੀ ਅੱਖ ਲੱਗਣੀ,
ਅਕਸਰ ਹੀ ਉਹਨੇ ਸਾਡੇ ਖਾਬਾਂ ਵਿੱਚ ਆਉਣਾ।

ਸਾਡੀ ਜ਼ਿੰਦਗੀ 'ਚ ਆਏ ਸੀ ਉਹ ਸਾਡੇ ਬਣ ਕੇ,
ਅਪਣਿਆਂ ਨੂੰ ਆਪੇ ਹੱਥੀਂ ਪੈ ਗਯਾ ਗੁਆਉਣਾ।

ਉਸ ਮਰਜਾਣੀ ਨਾਲ ਸਾਨੂੰ ਸ਼ਿਕਵੇ ਵੀ ਕਾਹਦੇ,
ਉਹਦੇ ਹਾਣ ਦਾ ਨਹੀਂ ਸੀ ਸਾਡੇ ਦਿਲ ਦਾ ਖਿਡੌਣਾ।

ਅਪਣੇ ਸਾਰੇ ਹਾਸੇ ਸਾਡੇ ਨਾਂ ਲਿਖਵਾ ਕੇ ਵੀ,
ਜਾਂਦੀ ਵਾਰ ਗਈ ਸਾਡੇ ਗਲ ਪਾ ਕੇ ਰੋਣਾ।

ਪਹਿਲਾ ਇਸ਼ਕੇ ਦਾ ਜਾਮ ਤੇਰੇ ਨੈਣਾਂ ਵਿੱਚੋਂ ਪੀਤਾ,
ਅਸੀਂ ਭੁੱਲੇ ਨਹੀਂ ਪੀਣਾ ਤੂੰ ਭੁੱਲ ਗਈ ਪਿਲਾਉਣਾ।

ਤੇਰੇ ਹਿਜਰਾਂ ਦੇ ਨਾਲ ਇੰਨੀ ਗੂੜ੍ਹੀ ਸਾਂਝ ਪੈ ਗਈ,
ਹੁਣ ਤਾਂ ਮੌਤ ਸਵੱਲੀ ਨੇ ਵੀ ਗਲ ਨਹੀਓਂ ਲਾਉਣਾ।

ਜਿਨ੍ਹਾਂ ਕੋਲੋਂ ਮਿਲੀਆਂ 'ਵੀਤ' ਯਾਦਾਂ ਖੱਟ ਮਿੱਠੀਆਂ,
ਨ ਉਹ ਪਲ ਮੁੜ ਆਉਣੇ ਨ ਉਹ ਕੁੜੀ ਨੇ ਥਿਆਉਣਾ।

## ਤਾਂ ਕੀ ਕਰਦੇ

ਮਸਾਂ-ਮਸਾਂ ਸੱਜਣਾ ਨੇ ਫੇਰਾ ਪਾਇਆ ਸੀ,
ਅਸੀਂ ਦਰ ਨ ਸਜਾਉਂਦੇ—ਤਾਂ ਕੀ ਕਰਦੇ ?

ਉਹਨਾਂ ਕਸਮ ਪਾਈ ਸੀ ਭੁੱਲ ਜਾਣ ਦੀ,
ਅਸੀਂ ਮਨ ਨ ਸਮਝਾਉਂਦੇ—ਤਾਂ ਕੀ ਕਰਦੇ ?

ਆਏ ਹਾਲ ਪੁੱਛਣ ਸਾਡੇ ਹਮਦਰਦੀ ਦੇ ਨਾਲ,
ਅਸੀਂ ਹੱਸ ਕੇ ਨ ਦਿਖਾਉਂਦੇ-ਤਾਂ ਕੀ ਕਰਦੇ ?

ਅਸੀਂ ਮਰ ਜਾਂਦੇ ਉਹਨਾਂ ਬਦਨਾਮ ਸੀ ਹੋ ਜਾਣਾ,
ਮਰ-ਮਰ ਕੇ ਨਾ ਜਿਉਂਦੇ—ਤਾਂ ਕੀ ਕਰਦੇ ?

ਉਹ ਆਪੇ ਕਹਿ ਕੇ ਹੰਝੂ ਵਹਾਉਣ ਲੱਗ ਪਏ,
ਫੱਟ ਅਸੀਂ ਜੇ ਨਾ ਦਿਖਾਉਂਦੇ—ਤਾਂ ਕੀ ਕਰਦੇ ?

ਕੀ ਦਰਜਾ ਦਿੱਤਾ ਰੱਬ ਦਾ ਉਹ ਰੱਬ ਬਣ ਬੈਠੇ,
ਕੀਤੀ ਗਲਤੀ ਤੇ ਨ ਪਛਤਾਉਂਦੇ-ਤਾਂ ਕੀ ਕਰਦੇ ?

ਸੂਰਜ ਬਣਕੇ ਲੈਣ ਆਏ ਇੱਕ ਛਿੱਟ ਰੌਸ਼ਨੀ ਦੀ,
'ਵੀਤ' ਘਰ ਨ ਜਲਾਉਂਦੇ—ਤਾਂ ਕੀ ਕਰਦੇ ?

## ਰਿਸ਼ਤਾ

ਰਿਸ਼ਤੇ ਨੂੰ ਰਿਸ਼ਤਾ ਰਹਿਣ ਦਿਓ-ਇਹਨੂੰ ਜਕੜੋ ਨਾ ਵਿੱਚ ਨਾਵਾਂ ਦੇ,
ਕੁੱਝ ਰਿਸ਼ਤੇ ਐਸੇ ਹੁੰਦੇ ਨੇ—ਜੋ ਨਿਭਦੇ ਨੇ ਸੰਗ ਸਾਹਾਂ ਦੇ,

ਦਿਲ ਲੋਚਦਾ ਦੀਦਾਰ ਉਹਦਾ-ਨ ਮਿਲਦਾ ਕਿਤੋਂ ਪਿਆਰ ਉਹਦਾ,
ਅੱਜ ਵੀ ਗਲ ਭਾਲਦਾ ਏ-ਹਾਰ ਉਸਦੀਆਂ ਬਾਹਵਾਂ ਦੇ,

ਅਸੀਂ ਅਧੂਰੇ ਦੇ ਅਧੂਰੇ ਰਹੇ-ਥਾਂ ਥਾਂ ਪੈੜਾਂ ਕਰ ਥੱਕੇ,
ਨ ਨਜ਼ਾਰੇ ਕਿਤੋਂ ਹੋਰ ਮਿਲੇ-ਉਹਦੀਆਂ ਜ਼ੁਲਫ਼ਾਂ ਦੀਆਂ ਛਾਵਾਂ ਦੇ,

ਤੇਰੇ ਇਸ਼ਕੇ ਨੇ ਮਜਬੂਰ ਕੀਤਾ-ਤੋੜ ਕੇ ਮੈਨੂੰ ਚੂਰ ਕੀਤਾ,
ਲਿਖਣ ਲਈ ਮੈਂ ਬੇਵੱਸ ਸੀ-ਸ਼ਿਕਵੇ ਦਿਲ ਦੀਆਂ ਹਾਵਾਂ ਦੇ,

ਨ ਹਮਦਰਦ ਨ ਹਮਸਫ਼ਰ-ਅਸੀਂ ਧੁਰੋਂ ਇਕੱਲੇ ਸਾਂ ਤੁਰੇ,
'ਮੰਜ਼ਿਲ' ਵੀ ਜਿਨ੍ਹਾਂ ਦੀ ਅਨਜਾਣੀ-ਅਸੀਂ ਰਾਹੀ ਉਹਨਾਂ ਰਾਹਵਾਂ ਦੇ,

ਉਹਦੇ ਸੰਗ ਚਾਹਤਾਂ ਸੀ—'ਤਾਰਿਆਂ ਤੋਂ ਪਾਰ' ਜਾਣ ਦੀਆਂ,
ਅੱਜ ਉਹ ਵੀ ਸਾਥ ਛੱਡ ਤੁਰੇ- ਜੋ ਬਣੇ ਸੀ ਦਰਦੀ ਸਾਹਵਾਂ ਦੇ,

ਜੋ ਦੁਨੀਆਂ ਨੂੰ ਗੈਰ ਦੱਸਦਾ ਸੀ—ਗੈਰਾਂ ਦੀਆਂ ਸੁਣ ਛੱਡ ਗਯਾ,
ਉਹਦੇ ਮੁੜਨ ਦੀ ਨ ਤਰੀਕ ਆਈ-ਦਿਨ ਆ ਗਏ ਸਾਉਣ ਘਟਾਵਾਂ ਦੇ,

ਅੱਜ ਵੀ ਉਹਦਾ ਇੰਤਜ਼ਾਰ ਕਰੇ—ਉਹਦੀ ਯਾਦ 'ਚ ਜ਼ਿੰਦਗੀ ਬਿਤਾ ਦਿੱਤੀ,
ਸੱਜਦੇ ਤੇਰੀਆਂ ਚਾਹਤਾਂ ਨੂੰ 'ਵੀਤ' ਸਦਕੇ ਤੇਰੀਆਂ ਵਫ਼ਾਵਾਂ ਦੇ,

## ਜ਼ਿੰਦਗੀ ਦੇ ਗੀਤ

ਜਿਸਮ ਅਪਣੇ ਨੂੰ ਕੰਡਿਆਂ ਤੋਂ ਤਾਂ ਬਚਾਉਂਦਾ ਰਿਹਾ,
ਦਰਦ ਅਵੱਲੇ ਪਰ ਫੁੱਲਾਂ ਕੋਲੋਂ ਪਾਉਂਦਾ ਰਿਹਾ,

ਯਾਰ ਮੇਰੇ ਲੱਭਦੇ ਮਾਰੂਥਲ 'ਚ ਰਹਿ ਨ ਪਿਆਸੇ ਜਾਣ—
ਨੈਣਾਂ ਵਾਲੇ ਖ਼ੂਹ ਤਾਹੀਓਂ ਦਿਨ ਰਾਤ ਚਲਾਉਂਦਾ ਰਿਹਾ,

ਦਿਲ ਮੇਰੇ ਨੂੰ ਜਦ ਵੀ ਉਡੀਕ ਤੇਰੀ ਲੱਗੀ 'ਵੀਤ'—
ਦੀਵੇ ਬਾਲ ਬਨੇਰਿਆਂ ਤੇ ਦੀਵਾਲੀਆਂ ਮਨਾਉਂਦਾ ਰਿਹਾ,

ਮੋਤੀਆਂ ਦੇ ਵਾਂਗ ਹੋਰ ਵੱਧ ਚਮਕਣ ਲੱਗੇ ਚੰਦਰੇ—
ਜਿੰਨੇ ਵੀ ਮੈਂ ਅੱਥਰੂ ਅੱਖਾਂ 'ਚ ਲੁਕਾਉਂਦਾ ਰਿਹਾ,

ਸੁਪਨਾ ਜੋ ਹੋਵੇ, ਟੁੱਟੇ, ਦਰਦ ਡਾਹਢਾ ਹੁੰਦਾ ਹੈ—
ਟੁੱਟਦੇ ਹੋਏ ਤਾਰੇ ਗਿਣ ਰਾਤਾਂ ਨੂੰ ਬਿਤਾਉਂਦਾ ਰਿਹਾ,

ਕੀ ਸੀ ਤੇਰੀ ਰੀਝ ਸੱਜਣ ਬੋਲ ਕੇ ਕਹਿ ਦਿੰਦਾ ਤੂੰ—
ਵਾਰ-ਵਾਰ ਸੋਹਣਿਆਂ ਵੇ ਐਵੇਂ ਕਾਹਤੋਂ ਅਜਮਾਉਂਦਾ ਰਿਹਾ,

ਕੱਚਿਆਂ ਤੇ ਲਾਈਆਂ ਆਸਾਂ ਹੁੰਦੀਆਂ ਬੇਕਾਰ ਨੇ—
ਜਿਸਨੇ ਵੀ ਲਾਈਆਂ ਲਾ ਕੇ ਸਦਾ ਹੀ ਪਛਤਾਉਂਦਾ ਰਿਹਾ,

ਵਕਤ ਦੇ ਹੱਥ ਹੁੰਦੇ ਕਈ 'ਜ਼ਿੰਦਗੀ' ਦੇ ਫ਼ੈਸਲੇ—
ਕਹਿੰਦੀ ਸੀ 'ਪ੍ਰੀਤ' ਜਦ ਜਾਣਨਾ ਮੈਂ ਚਾਹੁੰਦਾ ਰਿਹਾ,

ਬੀਤੀਆਂ ਯਾਦਾਂ ਦਾ ਤੇਲ ਅੱਗ ਤੇਰੇ ਵਿਯੋਗ ਦੀ—
ਖੁਸ਼ੀਆਂ ਤੇ ਚਾਹਵਾਂ ਦੀ ਚਿਖ਼ਾ ਬਾਲ ਕੇ ਜਲਾਉਂਦਾ ਰਿਹਾ,

ਚਾਰ ਜਨਮਾਂ ਦਾ ਦਰਦ ਅੱਲੜ੍ਹੀ ਉਮਰੇ ਪਾ ਕੇ ਵੀ—
'ਜ਼ਿੰਦਗੀ ਦੇ ਗੀਤ' 'ਵੀਤ' ਹੱਸ-ਹੱਸ ਗਾਉਂਦਾ ਰਿਹਾ,

## ਅਣਜਾਨ ਹਾਂ......

ਕੋਈ ਕਹੇ ਮੈਂ ਚਲਾਕ ਹਾਂ ਕੋਈ ਕਹਿੰਦਾ ਮੈਂ ਨਾਦਾਨ ਹਾਂ,
ਮਤਲਬੀ ਦੁਨੀਆਂ ਦੀਆਂ ਮੈਂ ਰਾਹਾਂ ਤੋਂ ਅਣਜਾਨ ਹਾਂ,

ਹਿੰਮਤ ਆਪੋ-ਅਪਣੀ ਕੋਈ ਜਿੰਨਾ ਚਾਹੇ ਲੁੱਟ ਲਵੇ—
ਸੰਗਦਿਲ ਨੇ ਹਸੀਨਾਂ ਸਭ ਮੈਂ ਪਿਆਰ ਦੀ ਦੁਕਾਨ ਹਾਂ,

ਜ਼ਿੰਦਗੀ 'ਚ ਦੁੱਖਾਂ ਦੀ 'ਮੰਜ਼ਿਲ' ਜੋ ਹੋ ਸਕਦੀ—
ਉਸਨੂੰ ਜਾਂਦੇ ਰਾਹਾਂ ਦੀ ਮੈਂ ਕੋਈ ਪਛਾਣ ਹਾਂ,

ਭੋਲੇ ਮਾਸੂਮ ਮੇਰੇ ਚਿਹਰੇ ਨੇ ਮੋਹ ਲਿਆ ਕਈਆਂ ਨੂੰ—
ਦਿਲ ਦਾ ਮੈਂ ਭਾਵੇਂ ਕਿੰਨਾ ਵੀ ਸ਼ੈਤਾਨ ਹਾਂ,

ਕਿਸੇ ਨੂੰ ਕੀ ਜਾਣਨਾ ਆਪਾ ਨ ਪਛਾਣ ਹੋਇਆ—
ਮੈਂ ਵੀ ਇਸ ਦੁਨੀਆਂ ਦਾ ਕੈਸਾ ਇਨਸਾਨ ਹਾਂ,

ਜ਼ਿੰਦਗੀ ਦੇ ਜਿਨ੍ਹਾਂ ਵੀ ਰਾਹਾਂ ਤੋਂ ਲੰਘਿਆ—
ਮੁਹੱਬਤ ਦੇ ਪੜਾਅ ਤੇ ਉਹਦੇ ਪੈਰਾਂ ਦਾ ਨਿਸ਼ਾਨ ਹਾਂ,

ਬੜਾ ਚਿਰ ਕੰਡਿਆਂ ਦੇ ਕੋਲੋਂ ਤਾਂ ਰਿਹਾ ਬੱਚਦਾ—
ਹੱਥ ਫੁੱਲਾਂ ਨੂੰ ਪਾ ਕੇ ਹੋਇਆ ਲਹੂ ਲੁਹਾਣ ਹਾਂ,

ਮਰਜਾਣੀ ਨੇ 'ਵੀਤ' ਆਖ਼ਰ ! ਸੱਚ ਹੀ ਲਿਖਾ ਲਿਆ—
ਚਾਰ ਦਿਨ ਹੋਰ ਤੇਰੀ ਦੁਨੀਆਂ ਦਾ ਮਹਿਮਾਨ ਹਾਂ,

## ਤਲਾਸ਼ ਹੈ.......

ਡੁੱਬ ਚੁੱਕੀ ਹੈ ਕਿਸ਼ਤੀ ਕਿਨਾਰੇ ਦੀ ਤਲਾਸ਼ ਹੈ,
ਭਟਕਦੇ ਮਨ ਨੂੰ ਕਿਸੇ ਸਹਾਰੇ ਦੀ ਤਲਾਸ਼ ਹੈ,

ਧਰਤੀ ਦੇ ਮੇਲ ਦੀ ਜੋ ਤਾਂਘ ਵਿੱਚ ਟੁੱਟਾ ਸੀ—
ਮਿਲਿਆ ਨ ਕਿਤੋਂ ਵੀ ਉਸ ਤਾਰੇ ਦੀ ਤਲਾਸ਼ ਹੈ,

ਤੇਰੇ ਗ਼ਮਾਂ ਦਾ ਹਿਸਾਬ ਮੁੱਕ ਗਯਾ ਕਦੋਂ ਦਾ—
ਹੁਣ ਜੀਣ ਲਈ ਕਿਸੇ ਦਰਦ ਉਧਾਰੇ ਦੀ ਤਲਾਸ਼ ਹੈ,

ਸਮਝਦੇ ਨੇ ਲੋਕ ਮੈਨੂੰ ਪਿਆਰੇ ਦੀ ਤਲਾਸ਼ ਹੈ—
ਕਾਤਲ ਜੋ ਮੇਰੇ ਚਾਵਾਂ ਦਾ ਹਤਿਆਰੇ ਦੀ ਤਲਾਸ਼ ਹੈ,

ਮੇਰੇ ਸਾਹਾਂ ਦੀ ਮੱਛੀ ਨੂੰ ਕਾਂਟਾ ਜੋ ਪਾ ਲਵੇ—
ਨਿਮਾਣੀ ਮੇਰੀ ਜਿੰਦ ਨੂੰ ਉਸ ਮਛਿਆਰੇ ਦੀ ਤਲਾਸ਼ ਹੈ,

ਹੁਣ ਇਸ ਜ਼ਿੰਦਗੀ ਲਈ ਸਾਜ਼ਿਸ਼ਾਂ ਰਚੇ ਨਾ ਕੋਈ—
ਓ ਦੋਸਤੋ ! ਓ ਦੁਸ਼ਮਣੋਂ ! ਤੁਸਾਂ ਤੋਂ ਹੁੰਗਾਰੇ ਦੀ ਤਲਾਸ਼ ਹੈ,

ਦਿਲ ਦੇ ਕਾਲੇ ਮਹਿਰਮੋਂ ਜਿਉਂਦਾ ਬੈਠਾ 'ਵੀਤ' ਹਾਲੇ—
ਕਿਸੇ ਅਜ਼ਬ ਜਿਹੇ ਕਰਦਾ ਨਜ਼ਾਰੇ ਦੀ ਤਲਾਸ਼ ਹੈ,

# ਖ਼ਬਰ ਨਹੀਂ ਕੋਈ......

ਅਪਣੇ ਜਦੋਂ ਦੇ ਸਾਨੂੰ ਨੀਵਾਂ ਦਿਖਾਉਣ ਲੱਗ ਪਏ,
ਹਰ ਕਿਸੇ ਅੱਗੇ ਸਿਰ ਆਪਣੇ ਆਪ ਝੁਕਾਉਣ ਲੱਗ ਪਏ,

ਖ਼ਬਰ ਨਹੀਂ ਕੋਈ ਵੀ ਵਫ਼ਾ ਬਾਰੇ ਜਿਨ੍ਹਾਂ ਨੂੰ—
ਸੁਣਿਆ ਏ ਹੁਣ ਉਹ ਵੀ ਵਫ਼ਾ ਕਮਾਉਣ ਲੱਗ ਪਏ,

ਯਾਰ ਜਦ ਮੰਨਿਆ ਸੀ, ਰੱਬ ਨੂੰ ਭੁੱਲ ਬੈਠੇ ਸਾਂ—
ਯਾਰ ਜੁਦਾ ਹੋਇਆ ਤਾਂ ਫੇਰ ਰੱਬ ਮਨਾਉਣ ਲੱਗ ਪਏ,

ਰਾਖ਼ ਸਾਨੂੰ ਕਰਨ ਲਈ ਅੱਗ ਜਿਨ੍ਹਾਂ ਲਾਈ ਸੀ—
ਡੋਲ ਡੋਲ ਅੱਥਰੂ ਹੁਣ ਆਪੇ ਬੁਝਾਉਣ ਲੱਗ ਪਏ,

ਜਾਣ ਲਿਆ ਜਦ ਕੇ ਫੁੱਲਾਂ ਨਾਲ ਤਾਂ ਨਹੀਂ ਨਿਭਣੀ—
ਕੰਡਿਆਂ ਦੇ ਨਾਲ ਅਸੀਂ ਸਾਂਝਾਂ ਵਧਾਉਣ ਲੱਗ ਪਏ,

ਕੁੱਝ ਹੱਦ ਤੱਕ ਜਾਣ ਕੇ ਤੇ ਕੁੱਝ ਅਣਜਾਣੇ ਵਿੱਚ—
ਕੀਤੇ ਅਹਿਸਾਨ ਯਾਰ ਛੇਤੀ ਹੀ ਗਿਣਾਉਣ ਲੱਗ ਪਏ,

ਤੱਕਿਆ ਜਦ ਚੁਬਾਰਾ ਤੇਰਾ ਹੂਕ ਨਿਕਲੀ ਦਿਲ ’ਚੋਂ—
ਯਾਦਾਂ ਤੇਰੀਆਂ ਨਾਲ ਮਰਜਾਣੀਏ ਬਾਤਾਂ ਪਾਉਣ ਲੱਗ ਪਏ,

ਰੋ-ਰੋ ਕੇ ਬਹੁਤਾ ਚਿਰ ਜੀ ਨਹੀਓਂ ਹੋਣਾ ਮੇਰੇ ਤੋਂ—
ਮਜ਼ਾਕ ਬਣ ਕੇ ਆਪ ਅਸੀਂ ਦੁਨੀਆਂ ਹਸਾਉਣ ਲੱਗ ਪਏ,

ਭੁੱਲ ਬੈਠੇ ਉਹ ਮੇਰੇ ਤੈਰਨ ਦੇ ਹੁਨਰ ਨੂੰ—
ਕਿਸ਼ਤੀ ਡੁੱਬਦੀ ਨੂੰ ਵੇਖ ਕੇ ਜਸ਼ਨ ਮਨਾਉਣ ਲੱਗ ਪਏ,

ਪਿੰਡ ਸਾਡਾ ਛੱਡ ਕੇ ਗਏ ਤਾਂ ਉਹ ਆਪ ‘ਵੀਤ’—
ਬਦਲਣ ਦਾ ਇਲਜ਼ਾਮ ਸਿਰ ਸਾਡੇ ਲਾਉਣ ਲੱਗ ਪਏ,

## ਬੇ-ਰਹਿਮ ਹਵਾਵਾਂ........

ਚੇਤੇ ਬੀਤੀ ਜ਼ਿੰਦਗੀ ਦੀਆਂ ਕੁੱਝ ਕਹਾਣੀਆਂ ਹੀ ਰਹਿ ਗਈਆਂ,
ਪੱਲੇ ਪਿਆਰ ਵਿੱਚ ਉੱਜੜੀਆਂ ਜਵਾਨੀਆਂ ਹੀ ਰਹਿ ਗਈਆਂ,

ਜਨਮ-ਜਨਮ ਦਾ ਪਿਆਰ ਸਾਡਾ ਆਖਦੀ ਸੀ ਮਰਜਾਣੀਏ—
ਮੁਹੱਬਤਾਂ ਤਾਂ ਦਿਲੋਂ ਕੱਚੇ ਰੰਗ ਵਾਂਗੂੰ ਰਹਿ ਗਈਆਂ,

ਦੁੱਖਾਂ ਦੇ ਨਾਲ ਹੀ ਹੁਣ ਤਾਂ ਦੁੱਖ ਸਾਂਝਾ ਕਰੀਦਾ—
ਖੁਸ਼ੀਆਂ ਤਾਂ ਸਾਰੀਆਂ ਹੀ ਪਾਣੀ ਵਾਂਗੂੰ ਵਹਿ ਗਈਆਂ,

ਕੁੱਝ ਕਰਨ ਤੇ ਜੀਣ ਦੀਆਂ ਚਾਹਤਾਂ ਨ ਰਹੀਆਂ ਹੁਣ—
ਆਸਾਂ ਦੀਆਂ ਸਭਨਾਂ ਢੇਰੀਆਂ ਹੀ ਢਹਿ ਗਈਆਂ,

ਰਿਸ਼ਤੇ ਬਣਾਉਣ ਤੋਂ ਡਰ ਲੱਗਣ ਲੱਗਾ ਹੈ ਦੋਸਤਾ—
ਰਿਸ਼ਤਾ ਨਹੀਂ ਤੇਰਾ ਮੇਰਾ, ਜਿੱਦਣ ਦਾ ਕਹਿ ਗਈਆਂ,

ਸਧਰਾਂ ਦਾ ਹੋਇਆ ਕਤਲ ਸੋਗੀ ਦਿਲ ਦੇ ਵਿਹੜੇ ਵਿੱਚ—
ਢੁੱਕੀਆਂ ਮੁਕਾਣਾਂ ਵੇਖ ਗੋਡਾ ਨਿਵਾਉਣ ਬਹਿ ਗਈਆਂ,

ਤੇਰੇ ਰੰਗ ਵਰਗਾ ਮੌਸਮ ਸੀ, ਅੱਜ ਦੀ ਦੁਪਹਿਰ ਦਾ—
ਹੁੰਦੀ ਬਰਸਾਤ ਵੇਖ ਕੇ ਸੀਨੇ ਵਿੱਚ ਗਸ਼ਾਂ ਪੈ ਗਈਆਂ,

ਯਾਦ ਤੈਨੂੰ ਕਰ, 'ਵੀਤ' ਕੁੱਝ ਪੰਨੇ ਕਾਲੇ ਕੀਤੇ ਸੀ—
ਆਈਆਂ ਹਵਾਵਾਂ ਬੇਰਹਿਮ ਉਡਾ ਕੇ ਉਹ ਵੀ ਲੈ ਗਈਆਂ।

## ਮਹਿਰਮ

ਦਿਲ ਤੋੜ ਕੇ ਮਹਿਰਮ ਦਿਲ ਦੇ ਖੌਰ੍ਹੇ ਕਿੱਥੇ ਜਾ ਬੈਠੇ,
ਰੋ-ਰੋ ਕੇ ਅਸੀਂ ਕਮਲੇ ਹੋ ਗਏ ਹੋਸ਼ ਗਵਾ ਬੈਠੇ,

ਕੱਚਿਆਂ ਨੇ ਤਾਂ ਆਖਿਰ ਕੱਚ ਕਮਾਉਣਾ ਹੁੰਦਾ ਏ—
ਐਵੇਂ ਪਾਰ ਜਾਣ ਦੀਆਂ ਅਸੀਂ ਆਸਾਂ ਲਾ ਬੈਠੇ,

ਅਸੀਂ ਲੱਖੋਂ ਕੱਖ ਦੇ ਹੋ ਗਏ ਉਹ ਬਣੇ ਨਗੀਨੇ ਹੋਰਾਂ ਲਈ—
ਅਸੀਂ ਦਿਲ ਤੇ ਲਾ ਬੈਠੇ ਉਹ ਦਿਲੋਂ ਭੁਲਾ ਬੈਠੇ,

ਅੱਜ ਮੁੱਦਤਾਂ ਪਿੱਛੋਂ ਮਿਲੇ ਕੁੱਝ ਯਾਰ ਪੁਰਾਣੇ 'ਵੀਤ'—
ਨੀਲੀਆਂ ਅੱਖਾਂ ਵਾਲੀ ਦਾ ਫੇਰ ਜ਼ਿਕਰ ਚਲਾ ਬੈਠੇ,

## ਉਹਦੀ ਮੁਹੱਬਤ

ਉਹਦੀ ਮੁਹੱਬਤ ਦਾ ਰਹਿੰਦਾ ਨਿਸ਼ਾਨ ਹਾਲੇ ਬਾਕੀ ਏ,
ਨਾਮ ਬੁੱਲ੍ਹੀਆਂ ਤੇ ਹੈ ਲੱਗਦਾ ਜਾਨ ਹਾਲੇ ਬਾਕੀ ਏ,

ਬਿਨਾਂ ਦੱਸੇ ਕੋਈ ਕਸੂਰ ਹੋ ਕੇ ਬਹਿ ਗਏ ਦੂਰ—
ਲੱਗਦਾ ਦੇਣਾ ਰਹਿੰਦਾ ਕੋਈ ਇਮਤਿਹਾਨ ਹਾਲੇ ਬਾਕੀ ਏ,

ਮੋਏ ਚਾਹਵਾਂ ਦੇ ਲੱਖਾਂ ਹੀ ਸਿਆਪੇ ਤਾਂ ਕਰ ਲਏ ਨੇ—
ਆਉਣੀ ਸਧਰਾਂ ਦੀ ਪਰ ਇੱਕ ਮੁਕਾਣ ਹਾਲੇ ਬਾਕੀ ਏ,

ਖੰਭ ਤੁੜਵਾ ਕੇ ਭਾਵੇਂ ਡਿੱਗ ਪਏ ਹਾਂ ਸਿਖਰਾਂ ਤੋਂ—
ਇਸ ਜ਼ਿੰਦਗੀ ਦੀ ਹੋਰ ਇੱਕ ਉਡਾਣ ਹਾਲੇ ਬਾਕੀ ਏ,

ਥੋੜ੍ਹਾ ਠਹਿਰ ਜਾਓ ਹਾਲੇ ਨਾ ਜਲਾਓ ਚਿਖ਼ਾ ਮੇਰੀ—
ਦਿਲ ਵਿੱਚ ਉਹਦੇ ਆਉਣ ਦਾ ਅਰਮਾਨ ਹਾਲੇ ਬਾਕੀ ਏ,

ਕੀ ਹੋਇਆ ਜੇ ਤੱਕ ਕੇ 'ਵੀਤ' ਮੂੰਹ ਫੇਰ ਲੈਂਦੇ—
ਇੰਨਾ ਸ਼ੁਕਰ ਹੈ ਉਹਨੂੰ ਚਿਹਰੇ ਦੀ ਪਛਾਣ ਹਾਲੇ ਬਾਕੀ ਏ,

## ਦੁੱਖ ਨਹੀਂ....

ਦੁੱਖ ਨਹੀਂ ਕੇ ਮੈਨੂੰ ਲੰਮੀ 'ਜਿੰਦਗਾਨੀ' ਨਹੀਂ ਮਿਲੀ,
ਦੁੱਖ ਹੈ ਕਿ 'ਜ਼ਿੰਦਗੀ' 'ਚ ਕੋਈ ਕਹਾਣੀ ਨਹੀਂ ਮਿਲੀ,

ਪੱਤਝੜਾਂ ਨੂੰ ਤਾਂ ਵੇਖਿਆ ਹਜ਼ਾਰਾਂ ਵਾਰ 'ਜ਼ਿੰਦਗੀ 'ਚ—
ਚਾਰ ਦਿਨਾਂ ਦੀ ਪਰ ਰੁੱਤ ਸੁਹਾਣੀ ਨਹੀਂ ਮਿਲੀ,

ਮਿਲਦੇ ਰਹੇ ਉਹਦੀਆਂ ਯਾਦਾਂ ਤੋਂ 'ਰੋਜ਼' ਨਵੇਂ ਜਖ਼ਮ–
ਵਿਛੜ ਕੇ ਪਰ ਕਦੇ 'ਵੀਤ ਮਰਜਾਣੀ' ਨਹੀਂ ਮਿਲੀ,

ਬੁਜ਼ਦਿਲ ਦਿਲਾ ਤੂੰ ਖੁਦ ਡਰਦਾ ਏਂ ਮੌਤ ਕੋਲੋਂ—
ਤੂੰ ਕਹੇ ਮੈਨੂੰ ਕਦੇ ਕੋਈ ਬੇਈਮਾਨੀ ਨਹੀਂ ਮਿਲੀ,

ਦਿਲੋਂ ਕੋਈ ਇੱਕ ਵੀ ਆਪਣਾ ਨਹੀਂ ਮਿਲਿਆ—
ਸੂਰਤਾਂ ਵੇਖੀਆਂ ਜਦ ਕੋਈ ਵੀ ਬੇਗਾਨੀ ਨਹੀਂ ਮਿਲੀ,

ਚੰਗਾ ਹੋਇਆ ਦੇ ਗਿਉਂ ਗ਼ਮ ਜੀ ਪਰਚਾਉਣ ਲਈ—
'ਵੀਤ' ਗਿਲਾ ਰਹਿੰਦਾ ਤੈਥੋਂ ਕੋਈ ਨਿਸ਼ਾਨੀ ਨਹੀਂ ਮਿਲੀ,

## ਗੁਨਾਹਗਾਰ ਹਾਂ

ਪਿਆਰ ਕਰਕੇ ਕਿਸੇ ਨੂੰ ਮੰਗਦਾ ਪਿਆਰ ਹਾਂ ਮੈਂ,
ਜੱਗ ਦੀਆਂ ਨਜ਼ਰਾਂ 'ਚ ਇਸੇ ਲਈ ਗੁਨਾਹਗਾਰ ਹਾਂ ਮੈਂ,

ਫਲ਼ ਖਾ ਲਏ, ਫੁੱਲ ਤੋੜੇ, ਟਾਹਣ ਵੀ ਛਾਂਗ ਲਏ—
ਮਾਯੂਸੀ 'ਚ ਘਿਰੇ ਬੇਵੱਸ ਬਿਰਖ਼ ਦੀ ਪੁਕਾਰ ਹਾਂ ਮੈਂ,

ਮੈਂ ਹੀ ਪੂੰਝੇ ਨੇ ਉਹਦੀਆ ਅੱਖੀਆਂ 'ਚੋਂ ਅੱਥਰੂ—
ਉਸ ਸੋਹਣੀ ਨੁਹਾਰ ਦਾ ਹੁਨਰਕਾਰ ਹਾਂ ਮੈਂ,

ਗੀਤਾਂ ਮੇਰਿਆਂ 'ਚ ਜੋ ਸਮੋ ਗਈਆਂ ਦਰਦ ਬਣ ਕੇ—
ਇਨ੍ਹਾਂ ਪੀੜਾਂ ਦਾ ਇਸੇ ਲਈ ਕਰਦਾ ਸਤਿਕਾਰ ਹਾਂ ਮੈਂ,

ਉਹ ਵਾਅਦੇ, ਵਫ਼ਾਵਾਂ, ਚੁੰਮਣ ਤੇ ਗਲਵੱਕੜੀਆਂ—
ਰਹਿੰਦੀ ਉਮਰ ਤੱਕ 'ਰੋਜ਼' ਤੇਰਾ 'ਕਰਜ਼ਦਾਰ ਹਾਂ ਮੈਂ,

ਸਾਹਾਂ ਵਾਲੀ ਬੇੜੀ ਹੁਣ ਡੁੱਬਣ ਕਿਨਾਰੇ ਜਾਪਦੀ—
ਪਾਰ ਪਹੁੰਚਣ ਦੀ ਤਾਂਘ ਨਹੀਂ ਅੱਧ-ਵਿਚਕਾਰ ਹਾਂ ਮੈਂ,

ਮੇਰਾ ਹਰ ਇੱਕ ਹਰਫ਼ ਚਮਕੇਗਾ ਵਾਂਗ ਤਾਰਿਆਂ ਦੇ—
ਮੱਸਿਆ ਦੀ ਰਾਤ ਨਾਲ ਕਰਦਾ ਵਿਚਾਰ ਹਾਂ ਮੈਂ,

ਖੰਭ ਮੇਰੇ ਕੱਟ ਚੁੱਕੇ 'ਵੀਤ' ਉੱਡਣਾ ਮੈਂ ਲੋਚਦਾ ਹਾਂ—
ਧਰਤੀ 'ਤੇ ਆ ਡਿੱਗਦਾ ਜਦ ਭਰਦਾ ਉਡਾਰ ਹਾਂ ਮੈਂ,

## ਅਧੂਰੀਆਂ ਬਾਤਾਂ

ਬੇ-ਦਿਲਾ ਛੱਡ ਗੱਲ ਇਸ਼ਕੇ ਦੀ ਸੁਣਾਉਣ ਲੱਗਾ ਰੋਵੇਂਗਾ,
ਇਹ ਬਾਤਾਂ ਨੇ ਅਧੂਰੀਆਂ ਤੂੰ ਮੁਕਾਉਣ ਲੱਗਾ ਰੋਵੇਂਗਾ,

ਛੱਡ ਪਰੇ ਲਿਖਣਾ ਲਿਖਾਉਣਾ ਦੱਸ ਕੀ ਤੈਨੂੰ ਮਿਲਣਾ—
ਹੁਣ ਲਿਖਣ ਲੱਗੇ ਰੋਂਦਾ ਏਂ ਫੇਰ ਜਲਾਉਣ ਲੱਗਾ ਰੋਵੇਂਗਾ,

ਪਿਆਰ ਐਸਾ ਮੋੜ ਹੈ, ਜਿੱਥੋਂ ਕਿਸੇ ਪਾਸੇ ਨੂੰ ਵੀ ਰਾਹ ਨਹੀਂ—
ਅੱਗੇ ਜਾ ਨਹੀਂ ਹੋਣਾ ਪਿੱਛੇ ਆਉਣ ਲੱਗਾ ਰੋਵੇਂਗਾ,

ਹੁਣ ਤਾਂ ਤੈਨੂੰ ਲੱਗਦੀ ਇਹ 'ਜ਼ਿੰਦਗੀ' ਹਸੀਨ ਜਿਹੀ—
ਫੇਰ ਇਹੋ ਯਾਦਾਂ ਵਿਚ 'ਜ਼ਿੰਦਗੀ' ਬਿਤਾਉਣ ਲੱਗਾ ਰੋਵੇਂਗਾ,

ਜਿੱਥੇ ਧਰਮਾਂ ਵਾਲੇ ਲੋਕ ਇਨਸਾਨੀਅਤ ਨੂੰ ਭੁੱਲ ਬੈਠੇ—
ਉਸੇ ਦੁਨੀਆਂ ਵਿੱਚ ਤੂੰ ਜਿਉਣ ਲੱਗਾ ਰੋਵੇਂਗਾ,

ਉਹ ਅੰਬਰਾਂ ਦਾ ਚੰਨ ਹੈ ਤੂੰ ਧਰਤੀ ਤੇ ਰਹਿਣ ਵਾਲਾ—
'ਵੀਤ' ਮੋਏ ਖੁਆਬਾਂ ਦੀ ਅਰਥੀ ਉਠਾਉਣ ਲੱਗਾ ਰੋਵੇਂਗਾ,

## ਖ਼ਾਮੋਸ਼ ਹੋ ਕੇ.......

'ਜ਼ਿੰਦਗੀ' ਦੀ ਕਿਆਰੀ ਵਿੱਚ ਇਸ਼ਕ ਦਾ ਬੀਜ ਬੋ ਕੇ ਬਹਿ ਗਯਾ,
ਦਿਲ ਦਾ ਕਰਜ਼ਦਾਰ ਹੋਇਆ ਸਭ ਹੱਕ ਖੋ ਕੇ ਬਹਿ ਗਯਾ,

ਵਕਤ ਨੇ ਮਹਿਰਮ ਤੋਂ ਮੈਨੂੰ ਮੁਜਰਮ ਬਣਾ ਦਿੱਤਾ—
ਵਕਤ ਕਾਤਲ ਹੋ ਕੇ ਵੀ ਨਿਰਦੋਸ਼ ਹੋ ਕੇ ਬਹਿ ਗਯਾ,

ਜਦ ਕਦੇ ਯਾਦ ਆਏ ਮੈਨੂੰ ਵਸਲ ਦੇ ਬੀਤੇ ਦਿਨ ਉਹ—
ਰੱਜ ਕੇ ਸ਼ਰਾਬ ਪੀਤੀ ਹੋਸ਼ ਖੋ ਕੇ ਬਹਿ ਗਯਾ,

ਰੋਜ਼ ਪੁੱਛਦੇ ਨੇ ਯਾਰ ਸਾਡੇ ਪਿਆਰ ਦੀ ਕਹਾਣੀ—
'ਵੀਤ' ਬੋਲਦਾ ਨਾ ਮੂੰਹੋਂ ਖ਼ਾਮੋਸ਼  ਹੋ ਕੇ ਬਹਿ ਗਯਾ,

## ਪੀਂਦਾ ਹਾਂ

ਇਸ ਜ਼ਿੰਦਗੀ ਨਿਮਾਣੀ ਨੂੰ ਮੁਕਾਉਣ ਲਈ ਪੀਂਦਾ ਹਾਂ,
ਉਹ ਸਮਝਦੇ ਨੇ ਕਿਤੇ ਮੈਂ ਜਿਉਣ ਲਈ ਪੀਂਦਾ ਹਾਂ।

ਅਪਣੇ ਗ਼ਮ ਦੂਰ ਕਰਨ ਲਈ ਪੀਣ ਵਾਲੇ ਹੋਰ ਹੋਣਗੇ—
ਮੈਂ ਤਾਂ ਇਸ ਖ਼ਲਕਤ ਨੂੰ ਹਸਾਉਣ ਲਈ ਪੀਂਦਾ ਹਾਂ।

ਪੀ ਕੇ ਇਸ ਦੀ ਮਸ਼ਹੂਰੀ ਕਰਨ ਲਈ ਨਹੀਂ ਪੀਂਦਾ ਹਾਂ—
ਪੀਣੀ ਕਿੰਨੀ ਬੁਰੀ ਹੈ ਇਹ ਸਮਝਾਉਣ ਲਈ ਪੀਂਦਾ ਹਾਂ।

ਪੀ ਕੇ ਯਾਦ ਕਰਾਂ ਕਿਸੇ ਨੂੰ ਫੇਰ ਹੰਝੂ ਵਹਾਉਣ ਲਈ ਪੀਂਦਾ ਹਾਂ—
ਅਜਿਹਾ ਕੁੱਝ ਨਹੀਂ ਜੀ ਮੈਂ ਤਾਂ ਮੁਸਕਰਾਉਣ ਲਈ ਪੀਂਦਾ ਹਾਂ।

ਹਿੰਦੂ, ਮੁਸਲਮਾਨ ਤੇ ਸਿੱਖ, ਹਿੰਦੋਸਤਾਨ ਵਿੱਚ ਬਹੁਤ ਨੇ—
ਮੈਂ ਤਾਂ ਅਪਣੇ ਆਪ ਨੂੰ ਇਨਸਾਨ ਕਹਾਉਣ ਲਈ ਪੀਂਦਾ ਹਾਂ।

ਆਪੋ-ਅਪਣੇ ਧਰਮ ਲਈ ਤਾਂ ਸਭ ਲੜਦੇ ਨੇ ਇੱਥੇ—
ਮੈਂ ਤਾਂ ਪੀਣ ਵਾਲਿਆਂ ਦਾ ਧਰਮ ਬਚਾਉਣ ਲਈ ਪੀਂਦਾ ਹਾਂ।

ਮੇਰੀਆਂ ਹੋਈਆਂ ਨੇ ਤਬਾਹੀਆਂ ਜਿਹੜੀ ਜਾਨੋਂ ਪਿਆਰੀ ਪਿੱਛੋਂ—
'ਵੀਤ' ਉਹੀਓ ਇੱਕ ਚਿਹਰਾ ਭੁਲਾਉਣ ਲਈ ਪੀਂਦਾ ਹਾਂ।

## ਜਦੋਂ ਲੋਕ......

ਜਦੋਂ ਲੋਕ ਮੈਨੂੰ ਮੜ੍ਹੀਆਂ 'ਚ ਲੈ ਕੇ ਜਾਣਗੇ,
ਕੁਝ ਖੁਸ਼ ਹੋਣੇ ਕੁਝ ਅੱਥਰੂ ਵਹਾਣਗੇ।

ਖੁਸ਼ੀਆਂ ਦੇ ਸ਼ਰੀਕਾਂ ਨੂੰ ਡਾਹਢਾ ਗ਼ਮ ਹੋਵੇਗਾ—
ਜਿਨ੍ਹਾਂ ਦਿੱਤਾ ਮੈਨੂੰ ਦੁੱਖ ਉਹ ਵੀ ਪਛਤਾਣਗੇ।

ਮਿੱਤਰ ਪਿਆਰੇ ਬਣ ਜੋ ਵਾਰ ਰਹੇ ਕਰਦੇ—
ਉਹੀ ਸਭ ਨਾਲੋਂ ਵੱਧ ਹਮਦਰਦੀ ਦਿਖਾਣਗੇ।

'ਵੀਤ' ਸੁਦਾਈ ਕੋਈ ਗ਼ਮ ਦੀਆਂ ਗਜ਼ਲਾਂ ਲਿਖੇਗਾ—
ਪਰ ਕਈ ਖ਼ੁਸ਼ੀਆਂ ਦੇ ਨਗਮੇ ਵੀ ਗਾਣਗੇ।

ਚੜ੍ਹੇ ਦਾ ਕੀ ਮਾਣੁ ਕੀਜੈ ਅੰਤਿ ਲਹਿ ਜਾਣਾ ਏ—
ਖਿਲੇ ਹੋਏ ਫੁੱਲ ਜਿਸ ਦਿਨ ਮੁਰਝਾਣਗੇ।

ਬੇਗੁਰਾ, ਬੇ-ਗੁਣਾ ਮੈਂ ਸਦਾ ਪਾਪ ਹੀ ਕਮਾਏ ਨੇ—
ਫਿਰ ਵੀ ਹਮਦਰਦ ਮੇਰੇ ਬੜਾ ਹੀ ਸਲਾਹੁਣਗੇ—

ਮਤਲਬ ਲਈ ਲਿਖੇ ਲੋਕ ਕਹਿਣ ਜਿਨ੍ਹਾਂ ਨੂੰ—
ਇਹੀ ਮੇਰੇ ਗੀਤ ਮੇਰੀ ਅਰਥੀ ਸਜਾਣਗੇ।

ਉਹ ਕੁੜੀਆਂ ਜੋ ਕਦੇ ਮੇਰੀ 'ਜ਼ਿੰਦਗੀ' 'ਚ ਆਈਆਂ ਸੀ,
'ਵੀਤ' ਉਹਨਾਂ ਦੇ ਦਿਲਾਂ 'ਚ ਖੌਰ੍ਹੇ ਕੀ ਖ਼ਿਆਲ ਆਣਗੇ।
ਜਦੋਂ ਲੋਕ ਮੈਨੂੰ ਮੜ੍ਹੀਆਂ 'ਚ ਲੈ ਕੇ ਜਾਣਗੇ......।

# ਇਹ ਹਿੰਦੋਸਤਾਨ ਨਹੀਂ......

ਕਿਸੇ ਕੋਲ ਦੀਨ, ਧਰਮ ਕਿਸੇ ਕੋਲ ਇਮਾਨ ਨਹੀਂ,
ਲਾਲਚ ਹਾਉਮੈਂ ਕੋਲੋਂ ਬਚਿਆ ਕੋਈ ਇਨਸਾਨ ਨਹੀਂ।

ਪ੍ਰਮਾਣੂ ਬੰਬ, ਮਿਜ਼ਾਇਲਾਂ ਇੱਥੇ ਢੇਰ ਬਾਰੂਦਾਂ ਦੇ—
ਮੌਤ ਲਈ ਮਿਲਦਾ ਦੱਸੋ ਕੀ-ਕੀ ਸਮਾਨ ਨਹੀਂ।

ਸਾਨੂੰ ਵੇਖ ਕੇ ਹੁਣ ਤਾਂ ਉਹ ਵੀ ਬਦਲ ਗਯਾ—
ਰਿਸ਼ਵਤ ਲਏ ਬਿਨ ਕਿਸਮਤ ਹੁਣ ਲਿਖਦਾ ਭਗਵਾਨ ਨਹੀਂ।

ਰਕੀਬਾਂ ਦੇ ਲਈ ਹੈ ਤਮਾਸ਼ਾ ਮੌਤ ਗਰੀਬਾਂ ਦੀ—
ਪੈਸੇ ਬਿਨ ਬੰਦੇ ਦੀ ਇੱਥੇ ਕੋਈ ਪਛਾਣ ਨਹੀਂ।

ਲਾਲਚ ਮਾਰੇ ਵਿਕ ਜਾਂਦੇ ਨੇ 'ਵੀਤ' ਰਹਿਬਰ ਜਨਤਾ ਦੇ—
ਭਗਤ ਸਿੰਘ ਦੇ ਸੁਪਨਿਆਂ ਵਾਲਾ ਇਹ ਹਿੰਦੋਸਤਾਨ ਨਹੀਂ।

## ਵਤਨ ਦੇ ਰਹਿਬਰਾਂ ਨੂੰ.......

ਹੀਰ-ਰਾਂਝਾ, ਮਿਰਜ਼ਾ-ਸਹਿਬਾਂ ਦੀ ਸਭ ਨੂੰ ਯਾਦ ਕਹਾਣੀ,
ਖ਼ੂਨ ਡੋਲ ਜਿਨ੍ਹਾਂ ਲਈ ਅਜ਼ਾਦੀ ਭੁੱਲ ਗਏ ਉਨ੍ਹਾਂ ਦੀ ਕੁਰਬਾਨੀ।

ਜਾਤ-ਪਾਤ ਦੇ ਨਾਂ ਤੇ ਵਿਤਕਰਾ ਕਰਨਾ ਆਉਂਦਾ ਏ—
ਮੰਦਿਰ-ਮਸਜਿਦਾਂ ਪਿੱਛੇ ਲੜ-ਲੜ ਮਰਨਾ ਆਉਂਦਾ ਏ।

ਨਸ਼ਿਆਂ ਦੇ ਨਾਲ ਪਾ ਲਈ ਗੂੜ੍ਹੀ ਪ੍ਰੀਤ ਅਸੀਂ—
ਲੋਫ਼ਰ ਬਣਦੇ ਜਾਂਦੇ ਹਾਂ ਦੇਖ ਕੇ ਫ਼ਿਲਮੀ ਗੀਤ ਅਸੀਂ।

ਸਲਮਾਨ, ਸੰਨੀ ਦੀ ਰੀਸ ਤਾਂ ਹਰ ਕੋਈ ਕਰਨਾ ਚਾਹੁੰਦਾ—
ਸੁਖਦੇਵ, ਸਰਾਭੇ ਵਾਂਗੂੰ ਸੂਲੀ ਨ ਕੋਈ ਚੜਨਾ ਚਾਹੁੰਦਾ।

ਪਿਆਰੇ ਮੇਰੇ ਪੰਜਾਬ ਵਾਸੀਓ ਕਿਹੜੇ ਰਾਹੇ ਪੈ ਗਏ ਓ—
'ਵੀਤ' ਅਪਣਾ ਵਿਰਸਾ ਅਪਣੀ ਬੋਲੀ ਭੁੱਲ ਕੇ ਬਹਿ ਗਏ ਓ।

## ਕਬੱਡੀ ਖਿਡਾਰੀ ਦਿਲਬਰ ਝਨੇਰ ਜੀ ਲਈ.....

ਜਦੋਂ ਤੁਰਦੀਆਂ ਕਬੱਡੀ-ਮਾਂ ਖੇਡ ਦੀਆਂ ਗੱਲਾਂ,
ਲੋਕੀਂ ਕਰਦੇ ਨੇ ਦਿਲਬਰਾ ਤੇਰੀ ਰੇਡ ਦੀਆਂ ਗੱਲਾਂ।

ਮਿਲਾਪੜੇ ਸੁਭਾਅ ਵਾਲਾ ਹੱਸਮੁੱਖ ਜਿਹਾ ਗੱਭਰੂ,
ਚੀਤੇ ਵਰਗੀ ਫੁਰਤੀ ਤੇ ਦਿਲੋਂ ਸ਼ੇਰ ਦੀਆਂ ਗੱਲਾਂ।

ਬਿਰਲੇ ਟਾਵੇਂ ਹੁੰਦੇ ਜਿਹੜੇ ਰਾਤਾਂ ਕਾਲੀਆਂ 'ਚ ਜਾਗਦੇ,
ਬਹੁਤ ਸੋਚਦੇ ਨੇ ਚੜ੍ਹਦੀ ਸਵੇਰ ਦੀਆਂ ਗੱਲਾਂ।

ਪੂਰੀ ਸ਼ਿੱਦਤ, ਸਾਦਗੀ, ਨਿਮਰਤਾ ਨਾਲ ਖੇਡਿਆ,
ਜੀਹਨੇ ਕੀਤੀਆਂ ਨ ਯਾਰੋ ਕਦੇ ਹੇਰ-ਫੇਰ ਦੀਆਂ ਗੱਲਾਂ।

ਜਦੋਂ ਤੱਕ ਨੇ ਪੰਜਾਬੀ 'ਵੀਤ' ਜਿਉਂਦੀ ਰਹੂ ਕਬੱਡੀ,
ਹੁੰਦੀਆਂ ਰਹਿਣਗੀਆਂ ਸੱਥਾਂ 'ਚ ਦਿਲਬਰ ਝਨੇਰ ਦੀਆਂ ਗੱਲਾਂ।

# ਕੁਝ ਪੰਨੇ ਚੰਨ ਜਿਹੀਆਂ ਮੂਰਤਾਂ ਦੇ ਨਾਂ

# ਦਿਲ ਦੀ ਕਿਤਾਬ........

ਦਿਲ ਦੀ ਕਿਤਾਬ ਵਾਲੇ ਹਰ ਇੱਕ ਪੰਨੇ ਤੇ,
ਹਰ ਦੂਜੀ ਕੁੜੀ ਦਾ ਮੈਂ ਨਾਂ ਲਿਖ ਰੱਖਿਆ।

ਕੀ ਸੀ ਇਤਫ਼ਾਕ ਹੋਇਆ ਉਹਨਾਂ ਨਾਲ ਮਿਲਣੇ ਦਾ,
ਉਹੀ ਨਹਿਰ ਵਾਲਾ ਮੋੜ ਉਹੀ ਥਾਂ ਲਿਖ ਰੱਖਿਆ।

ਕੀ ਪਤਾ ਕਦੇ ਮਨ ਕਰ ਆਵੇ ਖ਼ਤ ਪਾਣ ਦਾ,
ਇਹੀ ਸੋਚ ਉਹਦਾ ਸ਼ਹਿਰ ਤੇ ਗਰਾਂ ਲਿਖ ਰੱਖਿਆ।

ਮਿਲ ਗਈ ਕਦੇ ਜੇ ਕੋਈ ਜ਼ਿੰਦਗੀ ਦੇ ਕਿਸੇ ਮੋੜ ਤੇ,
'ਵੀਤ' ਹੋ ਨ ਨਿਰਾਸ਼ ਜਾਵੇ ਤਾਂ ਲਿਖ ਰੱਖਿਆ।

ਕਿਸੇ ਨਾਲ ਮੈਥੋਂ ਨਿਭੀ ਨ ਕਿਸੇ ਮੇਰੇ ਨਾਲ ਨਿਭਾਈ ਨ,
ਕਿਸੇ ਨੂੰ ਧੁੱਪ ਤੇ ਕਿਸੇ ਨੂੰ ਠੰਡੀ ਛਾਂ ਲਿਖ ਰੱਖਿਆ।

ਜੋ ਛੱਡ ਤੁਰ ਗਈਆਂ ਮੈਨੂੰ 'ਪਾਲੀ' ਖ਼ਾਰ ਆਖ ਕੇ,
ਮੈਂ ਉਹਨਾਂ ਨੂੰ ਵੀ ਫੁੱਲਾਂ ਦੀ ਮੁਸਕਾਂ ਲਿਖ ਰੱਖਿਆ।

## ਦਿਲ ਦਾ ਸਫਾ......

ਮੇਰੇ ਦਿਲ ਦਾ ਸਫ਼ਾ ਪੜ੍ਹਿਓ ਜ਼ਰਾ,
ਇਹਦੇ ਉੱਤੇ ਕੁੱਝ ਕੁੜੀਆਂ ਦੇ ਨਾਮ ਲਿਖੇ ਨੇ।

ਮੁਸ਼ਕਿਲ ਨਾਲ ਗਿਣੇ ਗਏ ਗਿਣਤੀ ਕਰਨੀ ਸੀ ਔਖੀ,
ਮੈਂ ਕਈ ਦਿਨਾਂ ਤੱਕ ਬੈਠ ਸੁਬਹ-ਸ਼ਾਮ ਲਿਖੇ ਨੇ।

ਕਿੰਨੀਆਂ ਦੇ ਨਾਲ ਮੈਂ ਵਟਾਏ ਮੁੰਦੀਆਂ ਛੱਲੇ,
ਕਿੰਨੀਆਂ ਨਾਲ ਮੇਰੇ ਹੋਏ ਕਲਾਮ ਲਿਖੇ ਨੇ।

ਮੈਂ ਕੱਲਾ ਸੀ ਬੁਰਾ ਉਹ ਸਭ ਤਾਂ ਸੀ ਚੰਗੀਆਂ,
ਇਸੇ ਲਈ ਤਾਂ ਬੇ-ਖੌਫ਼ ਹੋ ਕੇ ਸ਼ਰੇਆਮ ਲਿਖੇ ਨੇ।

ਕਿਨ੍ਹਾਂ ਦੇ ਲਈ ਲਿਖਦਾ ਰਿਹਾ ਮੈਂ ਰੁਬਾਈਆਂ,
ਕਿਨ੍ਹਾਂ ਹੱਥਾਂ 'ਚ ਫੜਾਏ ਮੇਰੇ ਜਾਮ ਲਿਖੇ ਨੇ।

ਕੀਹਨੇ ਮੁੜ ਕੇ ਨਾ ਕਦੇ ਲਈ ਸਾਰ ਮੇਰੀ,
ਕੀਹਦੇ ਅੱਜ ਵੀ ਨੇ ਆਉਂਦੇ ਪੈਗਾਮ ਲਿਖੇ ਨੇ।

ਕਈ ਕਹਿ ਗਈਆਂ 'ਸ਼ੀਰੇ' ਤੈਨੂੰ ਭੁੱਲਿਆ ਨਹੀਂ ਜਾਣਾ,
ਕੀਤੇ ਕਈਆਂ ਦੇ ਆਖਰੀ ਸਲਾਮ ਲਿਖੇ ਨੇ।

# ਚੰਨ ਜਿਹੀਆਂ ਮੂਰਤਾਂ

ਕੁੱਝ ਚੰਨ ਜਿਹੀਆਂ ਮੂਰਤਾਂ ਜੋ ਛੱਡ ਤੁਰ ਗਈਆਂ ਮੈਨੂੰ,
ਕਿਉਂ ਉਹਨਾਂ ਲਈ ਫ਼ਰਿਆਦ ਕਰਾਂ, ਇਹ ਮੈਨੂੰ ਨਹੀਂ ਪਤਾ।

ਮੈਨੂੰ ਇੰਨਾ ਪਤਾ ਹੈ ਕਿ ਉਹ ਭੁੱਲੀਆਂ ਨਾ ਜਾਣ,
ਕੀਹਨੂੰ ਕਿੰਨਾ ਯਾਦ ਕਰਾਂ, ਇਹ ਮੈਨੂੰ ਨਹੀਂ ਪਤਾ।

ਕਿਸੇ ਦੀਆਂ ਜ਼ੁਲਫ਼ਾਂ ਨਾ ਭੁੱਲਣ ਕਿਸੇ ਦੇ ਨੈਣ ਨਹੀਂ ਭੁੱਲਦੇ,
ਕਿਉਂ ਦਿਲ ਨੂੰ ਆਬਾਦ ਕਰਾਂ, ਇਹ ਮੈਨੂੰ ਨਹੀਂ ਪਤਾ।

ਕਈ ਦਿਲ ਦੇ ਵਿਹੜੇ 'ਚੋਂ ਕਦੇ ਜਾਂਦੀਆਂ ਹੀ ਨਹੀਂ,
ਕੀਹਨੂੰ ਕਿੰਨੇ ਚਿਰਾਂ ਬਾਦ ਕਰਾਂ, ਇਹ ਮੈਨੂੰ ਨਹੀਂ ਪਤਾ।

ਕਿਸੇ ਦੇ ਖ਼ਤ ਪੜ੍ਹ ਪੀਵਾਂ, ਕਿਸੇ ਦੀ ਤਸਵੀਰ ਵੇਖ ਜੀਵਾਂ,
'ਵੀਤ' ਕਿਉਂ ਜ਼ਿੰਦਗੀ ਬਰਬਾਦ ਕਰਾਂ, ਇਹ ਮੈਨੂੰ ਨਹੀਂ ਪਤਾ।

## ਉਹਨਾਂ ਦਾ ਦਰਦ

ਜ਼ਿੰਦਗੀ 'ਚ ਜਿੰਨੀਆਂ ਵੀ ਕੁੜੀਆਂ ਨਾਲ ਮੇਰਾ ਵਾਹ ਪਿਆ,
ਉਹਨਾਂ ਸਭ ਦਾ ਦਰਦ ਮੇਰੀ ਕਲਮ ਤੇ ਆ ਗਿਆ।

ਇੱਕ ਆਉਂਦੀ, ਇੱਕ ਜਾਂਦੀ, ਰਹੀਆਂ ਵਾਰੋ-ਵਾਰੀ ਸਭ,
ਇਰਾਦਾ ਤਾਂ ਸਭ ਦਾ ਹੀ ਇਕੋ ਜਿਹਾ ਰਿਹਾ।

ਦੁੱਖ ਰੋ-ਰੋ ਹੰਢਾਉਣ ਲਈ ਛੱਡ ਦਿੱਤਾ ਕੱਲਾ ਮੈਨੂੰ,
ਉਨਾ ਤੈਅ ਨਹੀਂ ਹੋਇਆ ਜਿੰਨਾ ਬਾਕੀ ਰਾਹ ਪਿਆ।

ਜ਼ਿੰਦਗੀ ਦਾ ਸਭ ਤੋਂ ਰੰਗੀਨ ਉਹੀ ਦੌਰ ਸੀ,
ਜਿਹੜਾ ਸਮਾਂ ਉਹਨਾਂ ਦੇ ਸੰਗ 'ਚ ਲੰਘਾ ਲਿਆ।

ਅੱਜ ਵੀ ਰੋਂਦਾ ਏ ਯਾਦ ਕਰ ਉਹਨਾਂ ਸਾਰੀਆਂ ਨੂੰ,
ਜਿਨ੍ਹਾਂ ਦੂਰ ਹੋ ਕੇ ਦਿਲੋਂ 'ਸ਼ੀਰੇ' ਨੂੰ ਭੁਲਾ ਲਿਆ।

**ਮੇਰੇ ਮੁਰਸ਼ਦਾਂ ਦੇ ਨਾਂ**

## ‘ਫ਼ਰਿਆਦ’

ਹੇ ਮੇਰੇ ਮਾਲਕ ਸੱਚਿਆ! ਕੁੱਝ ਮੰਗਣ ਦੀ ਭੁੱਲ ਮੈਂ ਕਰਦਾ ਹਾਂ,
ਬਖ਼ਸ਼ ਦੇਈਂ ਮੈਂ ਔਗੁਣਹਾਰੇ ਨੂੰ, ਤੇਰੇ ਕਦਮਾਂ ਵਿੱਚ ਸਿਰ ਧਰਦਾ ਹਾਂ,
ਕਲਮਾਂ ਵਿੱਚੋਂ ਸਿਆਹੀ ਨ ਮੁੱਕੇ, ਕਾਗਜ਼ਾਂ ਨਾਲੋਂ ਸਾਂਝ ਨਾ ਟੁੱਟੇ,
ਤੇਰੇ ਅੱਗੇ ਮੇਰੇ ਸਾਈਆਂ, ਸਦਾ ਉੱਚੀਆਂ ਬਾਹਵਾਂ ਮੇਰੀਆਂ ਨੇ,
ਲਿਖਦੇ ਰਹਿਣ ਇਹ ਕਲਮਾਂ ਵਾਲੇ, ਇਹੋ ਦੁਆਵਾਂ ਮੇਰੀਆਂ ਨੇ।

**ਗੁਰਦਾਸ ਮਾਨ ‘ਮਰਜਾਣਾ’**
ਪੀਰ, ਫ਼ਕੀਰ ਦੇ ਬੋਲਾਂ ਵਰਗਾ ਲਿਖਦਾ ਏ ‘ਮਰਜਾਣਾ,
ਹੱਥ ਵਿੱਚ ਡਫ਼ਲੀ, ਪੈਰੀਂ ਘੁੰਗਰੂੰ, ਬੁੱਲੇ ਦਾ ਦੀਵਾਨਾ,
ਤੇਰੇ ਗੀਤਾਂ ਤੋਂ ਪਤਾ ਹੈ ਲਗਦਾ,
ਰੱਬ ਦੇ ਘਰ ਦੀਆਂ ਰਾਹਵਾਂ ਕਿਹੜੀਆਂ ਨੇ,
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਦਿਲੋਂ ਦੁਆਵਾਂ ਮੇਰੀਆਂ ਨੇ।

**ਦਵਿੰਦਰ ਖੰਨੇ ਵਾਲਾ ‘ਚੁਬਾਰਾ’**
ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਖੰਨਾ ਸ਼ਹਿਰ ਪਿਆਰਾ, ਸਿਖਰ ਚੁਬਾਰਾ,
ਚੁਬਾਰੇ ਵਿੱਚ ਬੈਠ ਦਵਿੰਦਰ ਲਿਖਦਾ, ਲਿਖਦਾ ਜੱਗ ਤੋਂ ਨਿਆਰਾ,
ਬਿਆਨ ਕਰਾਂ ਕੀ ਤੇਰੇ ਗੀਤਾਂ ਲਈ,
ਦਿਲ ਵਿੱਚ ਥਾਂਵਾਂ ਜਿਹੜੀਆਂ ਨੇ.......
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਦਿਲੋਂ ਦੁਆਵਾਂ ਮੇਰੀਆਂ ਨੇ।

**ਜਸਵੀਰ ਗੁਣਾਚੌਰੀਆ ‘ਜਿੰਦੇ’**
‘ਗੁਣਾਚੌਰੀਆ’ ਉਹ ਜਾਨ ਕਿਸੇ ਦੀ, ‘ਜਿੰਦੇ-ਜਿੰਦੇ’ ਕਹਿਣ ਛੱਡ ਦੇ,
‘ਜਸਵੀਰ’ ਉਹਨੇ ਮੁੜ ਨਹੀਂ ਆਉਣਾ, ਰਾਹਾਂ ਦੇ ਵਿੱਚ ਬਹਿਣਾ ਛੱਡ ਦੇ,
ਜਿਨ੍ਹਾਂ ਨੇ ਦਿਲ ਆਪਣੇ ਵਿੱਚੋਂ ਹੁਣ,
ਭੁਲਾ ਲਈਆਂ ਵਫ਼ਾਵਾਂ ਤੇਰੀਆਂ ਨੇ......
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਇਹੋ ਦੁਆਵਾਂ ਮੇਰੀਆਂ ਨੇ।

**ਲਖਵਿੰਦਰ ਮਾਨ 'ਨਾਜੋ'**

ਆਥਣ ਵੇਲੇ ਮਿਲਦੀ ਸੀ 'ਨਾਜੋ, ਤੂੰ ਜਿਸ ਪਿੱਪਲੀ ਦੀ ਛਾਵੇਂ,
ਹਨੇਰੀ ਰਾਤ ਵਿੱਚ 'ਲਖਵਿੰਦਰ' ਉਥੇ ਹੁਣ ਲੱਭਦਾ ਹੈ ਪਰਛਾਵੇਂ,
'ਮਾਨ' ਰਾਹਵਾਂ ਤੱਕਦਾ ਅੱਜ ਵੀ ਉਹਦੀਆਂ,
ਜਿਨ੍ਹੇਂ ਨਿਗਾਵਾਂ ਫੇਰੀਆਂ ਨੇ........
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਇਹੋ ਦਿਲੋਂ ਦੁਆਵਾਂ ਮੇਰੀਆਂ ਨੇ।

**ਰਾਜ ਬਰਾੜ 'ਸੁਦਾਈ'**

'ਮੱਲਕੇ' ਪਿੰਡ ਦਾ 'ਰਾਜ ਨਿਮਾਣਾ', ਸੁਦਾਈ ਕਿਸੇ ਲਈ ਕਹਾਉਂਦਾ ਕਿਉਂ,
ਆਸ ਨਾ ਹੁੰਦੀ ਉਹਦੇ ਮੁੜਨ ਦੀ, ਮਰ-ਮਰ ਕੇ ਚੰਦਰਾ ਜਿਉਂਦਾ ਕਿਉਂ,
ਰੱਬ ਕਰੇ ਤੈਨੂੰ ਮਿਲਣ ਬਰਾੜਾ,
ਜੋ ਵੀ ਚਾਹਵਾਂ ਤੇਰੀਆਂ ਨੇ.......
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਇਹੋ ਦੁਆਵਾਂ ਮੇਰੀਆਂ ਨੇ।

**ਬੱਬੂ ਮਾਨ 'ਬੀਬਾ'**

ਕਹਿੰਦੇ ਖੰਟ ਵਾਲਾ ਮਾਨ-ਆਯਾਸ, ਸ਼ਰਾਬੀ, ਲੋਕੀਂ ਤਹੁਮਤਾਂ ਲਾਉਂਦੇ ਨੇ,
ਦੋ-ਚਾਰ ਨੂੰ ਪੁੱਛਣਾ ਕਿਹਨੇ ਇੱਥੇ, 'ਬੱਬੂ' ਨੂੰ ਲੱਖਾਂ ਚਾਹੁੰਦੇ ਨੇ,
ਸੱਚੇ ਰੱਬ ਦੀਆਂ ਰਹਿਮਤਾਂ 'ਬੀਬਾ',
ਬਾਈ ਦੇ ਸਿਰ ਵਥੇਰੀਆਂ ਨੇ.......
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਇਹੋ ਦਿਲੋਂ ਦੁਆਵਾਂ ਮੇਰੀਆਂ ਨੇ।

**ਸ਼ੀਰਾ ਜਸਵੀਰ 'ਰਾਣੀ'**

'ਹੇਰਾਂ ਵਾਲਾ ਸ਼ੀਰਾ' ਜਾਨੋਂ ਪਿਆਰੀ 'ਰਾਣੀ' ਭੁੱਲਿਆ ਨਾ,
ਭੁੱਲ ਗਯਾ ਕੁੱਲ ਦੁਨੀਆਦਾਰੀ, ਉਹਦੀ ਕਹਾਣੀ ਭੁੱਲਿਆ ਨਾ,
ਹੁਣ ਉਹਦੇ ਨਾਲ ਰਿਸ਼ਤਾ ਕਿਹੜਾ,
ਇਹ ਬਾਤਾਂ ਬਹੁਤ ਲਮੇਰੀਆਂ ਨੇ.......
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਇਹੋ ਦਿਲੋਂ ਦੁਆਵਾਂ ਮੇਰੀਆਂ ਨੇ।

**ਦੇਬੀ ਮਖ਼ਸੂਸਪੁਰੀ 'ਨੀਲੀਆਂ ਅੱਖਾਂ ਵਾਲੀ'**

'ਨੀਲੀਆਂ ਅੱਖਾਂ ਵਾਲੀ ਦਾ ਤੇਰੇ ਗੀਤਾਂ ਵਿੱਚ ਜ਼ਿਕਰ ਕਿਉਂ ਹੋਵੇ,
'ਮਖ਼ਸੂਸਪੁਰੀ' ਉਸ ਬੇਫ਼ਿਕਰੀ ਲਈ ਤੇਰੇ ਦਿਲ ਨੂੰ ਫ਼ਿਕਰ ਕਿਉਂ ਹੋਵੇ,
ਰੋਂਦਾ ਰਹਿ ਤੇ ਪੀਂਦਾ ਰਹਿ ਮਰ-ਮਰ ਕੇ 'ਦੇਬੀ ਜੀਂਦਾ ਰਹਿ,
ਇਹੋ ਸਜ਼ਾਵਾਂ ਤੇਰੀਆਂ ਨੇ.........
ਲਿਖਦੀ ਰਹੇ ਤੇਰੀ ਕਲਮ ਹਮੇਸ਼ਾ ਇਹੋ ਦਿਲੋਂ ਦੁਆਵਾਂ ਮੇਰੀਆਂ ਨੇ।

**ਫ਼ਰਿਆਦ**

'ਵੀਤ' ਨਿਮਾਣੇ ਦੇ ਮੁਰਸਦੋ, ਯੁੱਗ-ਯੁੱਗ ਹੱਸਦੇ, ਵੱਸਦੇ, ਜਿਉਂਦੇ ਰਹੋ,
ਮਾਂ ਬਾਪ, ਭੈਣ-ਭਰਾ, ਮਹਿਬੂਬ ਦੇ ਦੁੱਖੜੇ ਲਿਖਦੇ, ਲਿਖਕੇ ਗਾਉਂਦੇ ਰਹੋ।
ਤੁਹਾਡੇ ਗੀਤਾਂ ਨੂੰ ਲੱਗ ਜਾਵਣ ਬਾਕੀ,
ਜੋ ਵੀ ਸਾਹਵਾਂ ਮੇਰੀਆਂ ਨੇ......
ਲਿਖਦੇ ਰਹਿਣ ਇਹ ਕਲਮਾਂ ਵਾਲੇ ਇਹੋ ਦੁਆਵਾਂ ਮੇਰੀਆਂ ਨੇ।

## ਸ਼ਿਵ ਕੁਮਾਰ ਜੀ ਦੇ ਨਾਂ

ਕਿਸੇ ਮਰਜਾਣੀ ਦੇ ਬੋਲਾਂ ਨੂੰ,
ਮੈਂ ਪੂਰੇ ਕਰਨਾ ਚਾਹੁੰਦਾ ਹਾਂ,
ਆਪਨੇ ਹਿੱਸੇ ਦੀ ਬਦਨਾਮੀ ਨੂੰ,
ਮੈਂ ਆਪ ਹੀ ਜਰਨਾ ਚਾਹੁੰਦਾ ਹਾਂ।

ਜੁਦਾਈਆਂ ਦੇ ਹੰਝੂ ਪੀ-ਪੀ ਕੇ,
ਹੁਣ ਜੀ ਨਹੀਂ ਹੁੰਦਾ ਮੇਰੇ ਤੋਂ,
ਮੈਂ ਵੀ ਸ਼ਿਵ ਕੁਮਾਰ ਦੇ ਵਾਂਗੂੰ-
ਜ਼ੋਬਨ ਰੁੱਤੇ ਮਰਨਾ ਚਾਹੁੰਦਾ ਹਾਂ।

ਕੰਡਿਆਂ ਨੂੰ ਗਲ ਨਾਲ ਲਾਉਣਾ,
ਆਦਤ ਮੇਰੀ ਬਣ ਚੱਲੀ,
ਨਾ ਚਾਹੁੰਦੇ ਹੋਏ ਵੀ ਫੁੱਲਾਂ ਉੱਤੇ—
ਪੈਰ ਮੈਂ ਧਰਨਾ ਚਾਹੁੰਦਾ ਹਾਂ।

ਕੀ-ਕੀ ਦੁੱਖੜੇ ਰੋਣ ਲਈ ਤੈਨੂੰ,
ਬੇਵੱਸ ਕੀਤਾ ਮੇਰੀ ਮੁਹੱਬਤ ਨੇ,
ਜੋ ਲੁਕਿਆ ਤੇਰੀਆਂ ਅੱਖਾਂ ਵਿੱਚ—
ਉਹ ਕਿੱਸਾ ਪੜ੍ਹਨਾ ਚਾਹੁੰਦਾ ਹਾਂ।

ਵਕਤ ਦੇ ਹੱਥੋਂ ਬੇਵੱਸ ਤੇ,
ਲਾਚਾਰ ਹੋ ਕੇ ਬਹਿ ਗਯਾ ਹਾਂ,
ਹਿਜਰ ਤੇਰੇ ਦੀਆਂ ਧੁੱਪਾਂ ਵਿੱਚ—
ਜਾਣ ਬੁੱਝ ਕੇ ਸੜਨਾ ਚਾਹੁੰਦਾ ਹਾਂ।

ਕਾਗਜ਼ ਤੇ ਕਲਮਾਂ ਮੇਰੇ ਨਾਲ,
ਹੁਣ ਖ਼ਫ਼ਾ ਹੋ ਗਏ ਜਾਪਦੇ ਨੇ,
ਤੇਰੇ ਰੰਗ ਜਿਹੇ ਹਰਫ਼ਾਂ ਨਾਲ—
'ਵੀਤ' ਮੈਂ ਕਦ ਲੜਨਾ ਚਾਹੁੰਦਾ ਹਾਂ।

ਸੁੰਨੀ ਹੋਈ ਜ਼ਿੰਦਗੀ ਵਿਰਾਨੇ ਜਿਹੀ,
ਗਮਾਂ ਵਾਲੀ ਹਨੇਰੀ ਪਈ ਵੱਗਦੀ ਏ,
ਕਿਸੇ ਔੜਾਂ ਮਾਰੇ ਰੁੱਖ ਵਾਂਗੂੰ—
ਵਿੱਚ ਵਿਚਾਲੇ ਖੜਨਾ ਚਾਹੁੰਦਾ ਹਾਂ।

ਹਰ ਕੋਈ ਸੋਚੇ ਮੈਂ ਸੁਦਾਈ ਕਿਉਂ,
ਜੋਬਨ ਰੁੱਤੇ ਮਰਨਾ ਚਾਹੁੰਦਾ ਹਾਂ,
ਉਸ ਮਰਜਾਣੀ ਨਾਲ ਕੀਤੇ ਵਾਅਦੇ—
ਪੂਰੇ ਕਰਨਾ ਚਾਹੁੰਦਾ ਹਾਂ।

ਉਹਦੇ ਪਿਆਰ 'ਚ ਜੀਣਾ ਸਿੱਖਿਆ ਸੀ,
ਉਹਦੇ ਹਿਜਰ 'ਚ ਮਰਨਾ ਚਾਹੁੰਦਾ ਹਾਂ।
ਹਾਂ! ਮੈਂ ਵੀ 'ਸ਼ਿਵ ਕੁਮਾਰ' ਦੇ ਵਾਂਗੂੰ—
'ਜੋਬਨ ਰੁੱਤੇ ਮਰਨਾ' ਚਾਹੁੰਦਾ ਹਾਂ।

# ਯਰਾਨੇ

ਬਚਪਨ ਦੇ ਗ਼ਮਖਾਰ ਦੋਸਤੋ,
ਇੱਕ ਮੇਰੇ ਨਾਲ ਇਨਸਾਫ਼ ਕਰੋ,
ਚੁੱਪ-ਚਾਪ ਬੜਾ ਕੁੱਝ ਸਹਿ ਲਿਆ ਏ,
ਹੁਣ ਰੱਜ ਗਯਾ ਮੈਨੂੰ ਮਾਫ਼ ਕਰੋ।

ਮੇਰੇ ਸਿਰ 'ਤੇ ਤੁਸਾਂ ਦੇ ਕਰਜ਼ ਕਈ,
ਇਸ ਗੱਲ ਤੋਂ ਕਿਉਂ ਇਨਕਾਰ ਕਰਾਂ,
ਸੱਚੇ ਦਿਲ ਨਾਲ ਤੁਹਾਡੇ ਪਿਆਰਾਂ ਨੂੰ—
ਮੈਂ ਸਿਜਦੇ ਕਈ ਹਜ਼ਾਰ ਕਰਾਂ।

ਦਰਿਆ ਹੀ ਬਹੁਤਾ ਸ਼ੋਰ ਕਰਨ,
ਸਮੁੰਦਰ ਵਿੱਚ ਮਿਲਦੇ ਰਹਿੰਦੇ ਨੇ,
ਸਮੁੰਦਰ ਕਦੇ ਨਾ ਸ਼ੋਰ ਕਰੇ—
ਇਹ ਸੱਚ ਸਿਆਣੇ ਕਹਿੰਦੇ ਨੇ।

ਕਿਉਂ ਤਿੜਕੇ ਹੋਏ ਭਾਂਡੇ ਵਾਂਗੂੰ,
ਨਿੱਤ-ਨਿੱਤ ਮੈਂ ਅਵਾਜ਼ ਕਰਾਂ,
ਮੇਰੇ ਹਿੱਸੇ ਦਾ ਗ਼ਮ ਮਿਲਿਆ ਮੈਨੂੰ—
ਮੈਂ ਕਿਸੇ ਨਾਲ ਕਿਉਂ ਇਤਰਾਜ਼ ਕਰਾਂ।

ਅਹਿਸਾਨ ਕਿਸੇ ਦੇ ਭੁੱਲ ਜਾਵਾਂ,
ਮੈਂ ਇੰਨਾ ਵੀ ਮਗਰੂਰ ਨਹੀਂ,
ਪਿੱਠ ਪਿੱਛੇ ਗੱਲ ਮੈਂ ਕਰਦਾ ਨਹੀਂ—
ਮੂੰਹ ਤੇ ਕਹਿੰਦਾ ਕਦੇ ਹਜ਼ੂਰ ਨਹੀਂ।

ਸਾਡੇ ਸਿਰ ਤੇ ਸਾਡਾ ਰੱਬ ਬੈਠਾ,
ਕਦੇ ਬੁਰਾ ਕਿਸੇ ਦਾ ਸੋਚਦੇ ਨਹੀਂ,
ਉਹ ਸਾਡੇ ਬਾਰੇ ਕਹਿਣ ਲੱਗੇ ਪਰ—
ਕਦੇ ਅਪਣੇ ਲਬਾਂ ਨੂੰ ਰੋਕਦੇ ਨਹੀਂ।

ਮੈਂ ਹੋਰ ਕਿਸੇ ਗੱਲੋਂ ਡਰਦਾ ਨਾ,
ਡਰ ਹੈ ਮੁਹੱਬਤ ਨ ਬਦਨਾਮ ਹੋ ਜਾਏ,
ਤੁਸੀਂ ਵਫ਼ਾ ਦੀ ਰਕਮ ਵਸੂਲ ਕਰੋ—
ਚਾਹੇ ਕਬਰ ਵੀ ਮੇਰੀ ਨਿਲਾਮ ਹੋ ਜਾਏ।

ਮੇਰੀ ਕਿਸ਼ਤੀ ਡੁੱਬਦੀ ਦੇਖ ਕੇ ਉਹ,
ਪੱਲਾ ਮੇਰੇ ਕੋਲੋਂ ਛੁਡਾਉਣ ਲੱਗੇ,
ਭੁੱਲ ਗਏ ਹੁਨਰ ਮੇਰੇ ਤੈਰਨ ਦਾ—
ਹੋਰਾਂ ਦੇ ਨਾਲ ਜਸ਼ਨ ਮਨਾਉਣ ਲੱਗੇ।

ਕੀ ਗਰਜਿਸ਼ ਜਾਂ ਮਜਬੂਰੀ ਸੀ,
ਕਾਹਤੋਂ ਦਿਲ ਦੇ ਬੇਈਮਾਨ ਹੋਏ,
ਉਹਨਾਂ ਸਾਕ ਜੋੜ ਲਏ ਨਵਿਆਂ ਨਾਲ—
ਮੇਰੇ ਨਾਂ ਤੋਂ ਵੀ ਅਣਜਾਣ ਹੋਏ।

ਪਾਣੀ ਦੀ ਥਾਂ ਲਹੂ ਡੋਲ੍ਹ,
ਜਿਨ੍ਹਾਂ ਨਾਲ ਵਫ਼ਾਵਾਂ ਕਰਦੇ ਰਹੇ,
'ਵੀਤ' ਮੌਤ ਸਾਡੀ ਲਈ ਉਹੀ ਯਾਰ—
ਦੋ ਵੇਲੇ ਦੁਆਵਾਂ ਕਰਦੇ ਰਹੇ।

ਅਪਣੇ ਸਮਝ ਕੇ ਧੋਖੇ ਖਾਣਾ,
ਮੇਰੀ ਆਦਤ ਬੜੀ ਪੁਰਾਣੀ ਏ,
ਇਹ ਸਾਹਾਂ ਦੇ ਨਾਲ ਮਿਲੀ ਹੈ ਮੈਨੂੰ—
ਸਾਹਾਂ ਦੇ ਨਾਲ ਹੀ ਜਾਣੀ ਏ।

ਕੰਡੇ ਚੁਗੇ ਜਿਨ੍ਹਾਂ ਦੇ ਰਾਹਾਂ 'ਚੋਂ,
ਸਾਡੇ ਰਾਹੀਂ ਕੱਚ ਵਿਛਾਉਂਦੇ ਰਹੇ,
ਵਿੱਚ ਦਿਲ ਦੇ ਰੱਖ ਕੇ ਵੈਰ ਕੋਈ—
ਉਂਝ ਉੱਪਰੋਂ ਪਿਆਰ ਜਤਾਉਂਦੇ ਰਹੇ।

ਬੇਵਫਾ, ਬੇਦਰਦ, ਬੇਈਮਾਨ,
ਮੈਨੂੰ ਕਿੰਨੇ ਹੀ ਨੇ ਨਾਮ ਮਿਲੇ,
ਮੇਰ ਦਿਲ ਦੇ ਮਹਿਰਮ ਸੱਜਣਾ ਦੇ—
ਕਦੇ ਮੁੜ ਕੇ ਨਹੀਂ ਪੈਗਾਮ ਮਿਲੇ।

ਹਰ ਕਿਸੇ ਲਈ ਮੁਜਰਮ ਬਣ ਬੈਠਾ,
ਨਾ ਮੇਰੇ ਪੱਖ ਵਿੱਚ ਕੋਈ ਗਵਾਹੀ ਏ,
ਕਸੂਰ ਹੈ ਮੇਰਾ ਸਾਹਾਂ ਤੋਂ ਵੱਧ—
ਇੱਕ ਧੀ ਬੇਗਾਨੀ ਚਾਹੀ ਏ।

ਗਿਲਾ ਸ਼ਿਕਵਾ ਜਾਂ ਸ਼ਿਕਾਇਤ ਕੋਈ,
ਮੈਂ ਕਦੇ ਕਿਸੇ ਨਾਲ ਕਰਿਆ ਨਹੀਂ,
ਬਸ ਦੁੱਖ ਉਹਨਾਂ ਨੂੰ ਇਹੋ ਹੈ—
ਕਿ ਹੁਣ ਤੱਕ 'ਸ਼ੀਰਾ' ਮਰਿਆ ਨਹੀਂ।

ਬਚਪਨ ਦੇ ਗ਼ਮਖਾਰ ਦੋਸਤੋ,
ਇੱਕ ਮੇਰੇ ਨਾਲ ਇਨਸਾਫ਼ ਕਰੋ,
ਚੁੱਪ-ਚਾਪ ਬੜਾ ਕੁੱਝ ਸਹਿ ਲਿਆ ਏ—
ਹੁਣ ਰੱਜ ਗਯਾ ਮੈਨੂੰ ਮਾਫ਼ ਕਰੋ।

## ਕੀ ਪੁੱਛਦੇ ਹੋ......

ਕੀ ਪੁੱਛਦੇ ਹੋ ਕਰਮਾਂ ਮਾਰਿਆਂ ਤੋਂ,
ਸਾਥੋਂ ਅੰਬਰ ਦੇ ਟੁੱਟੇ ਤਾਰਿਆਂ ਤੋਂ,
ਪੁਲ ਹੇਠੋਂ ਵੱਗਦੇ ਪਾਣੀਆਂ ਤੋਂ—
ਮਿਲ ਕੇ ਨ ਮਿਲੇ ਕਿਨਾਰਿਆਂ ਤੋਂ।
ਕੀ ਪੁੱਛਦੇ ਹੋ ਕਰਮਾਂ ਮਾਰਿਆ ਤੋਂ..........

ਹਰ ਚੜ੍ਹਦੇ-ਛਿਪਦੇ ਦਿਨ ਨੂੰ,
ਤੇਰਾ ਨਾਂ ਲੈ-ਲੈ ਕੇ ਰਵਾਉਂਦੀਆਂ ਨੇ,
ਯਾਦਾਂ ਉਹ ਬੀਤੇ ਵੇਲੇ ਦੀਆਂ—
ਮੇਰੇ ਦਿਲ ਵਿੱਚ ਅੱਜ ਵੀ ਜਿਉਂਦੀਆਂ ਨੇ,
ਰਹੀਏ ਅੱਜ ਵੀ ਲੱਭਦੇ ਝਲਕ ਤੇਰੀ—
ਤੇਰੇ ਰੰਗਲੇ ਉਹ ਚੁਬਾਰਿਆਂ ਤੋਂ।
ਕੀ ਪੁੱਛਦੇ ਹੋ ਕਰਮਾਂ ਮਾਰਿਆਂ ਤੋਂ.........

ਅਸੀਂ ਰੋਹੀਆਂ ਦੇ ਵਿੱਚ ਰੁੱਖ ਵਰਗੇ,
ਔੜਾਂ ਦੇ ਮਾਰੇ ਸੁੱਕ ਜਾਣਾ,
ਅਸੀਂ ਮੁੱਕਦੀ ਰਾਤ ਦੇ ਹਾਂ ਤਾਰੇ—
ਦਿਨ ਚੜ੍ਹਦੇ ਨੂੰ ਛੁੱਪ ਜਾਣਾ,
ਸਾਡਾ ਜ਼ਿੰਦਗੀ ਦੇ ਠੁਕਰਾਇਆਂ ਤੋਂ—
ਕਿਸਮਤ ਦੇ ਕੋਲੋਂ ਹਾਰਿਆ ਤੋਂ।
ਕੀ ਪੁੱਛਦੇ ਹੋ ਕਰਮਾਂ ਮਾਰਿਆਂ ਤੋਂ..........

ਰਾਤੀਂ ਵੇਖੀ ਸੁਪਨੇ ਵਿੱਚ ਇੱਕ,
ਸੋਹਣੀ ਸੁਨੱਖੀ ਹੀਰ ਕੋਈ,
ਜਿਉਂ ਹੋਵੇ ਬੀਤੀ ਜ਼ਿੰਦਗੀ ਦੀ—
ਗੁਆਚੀ ਹੋਈ ਤਸਵੀਰ ਕੋਈ,

ਝੰਗ ਸਿਆਲਾਂ ਦੇ ਰਾਹ ਵੱਲ ਨੂੰ—
ਤੁਰ ਪਏ ਤਖ਼ਤ ਹਜ਼ਾਰਿਆਂ ਤੋਂ।
ਕੀ ਪੁੱਛਦੇ ਹੋ ਕਰਮਾਂ ਮਾਰਿਆਂ ਤੋਂ.........

ਜ਼ਖ਼ਮ ਜਿਨ੍ਹਾਂ ਦੇ ਹਿਜਰ ਵਾਲੇ,
ਹਰ ਪਲ ਰਹਿੰਦੇ ਰਿਸਦੇ ਨੇ,
ਮੇਰੇ ਦਿਲ ਦੇ ਮਹਿਰਮ ਜਿਹੜੇ ਸੀ—
ਨ ਕਿਧਰੇ ਹੁਣ ਦਿਸਦੇ ਨੇ,
ਰੋ-ਰੋ ਕੇ ਪੁੱਛਦਾ ਸਿਰਨਾਵੇਂ—
ਇਹਨਾਂ ਵਗਦੇ ਹੰਝੂ ਖਾਰਿਆਂ ਤੋਂ।
ਕੀ ਪੁੱਛਦੇ ਹੋ ਕਰਮਾਂ ਮਾਰਿਆਂ ਤੋਂ.......

ਮੈਨੂੰ ਗ਼ਮਾਂ ਨਾਲ ਹਮਦਰਦੀ ਕਿਉਂ,
ਛੱਡੋ ਇਸ ਗੱਲ ਨੂੰ ਰਹਿਣ ਦਿਓ,
ਆਪਾਂ ਅਪਣੇ ਲਬਾਂ ਨੂੰ ਸੀ ਲਿਆ ਏ—
ਉਹਨਾਂ ਦੀ ਜੋ ਮਰਜ਼ੀ ਕਹਿਣ ਦਿਓ,
'ਵੀਤ' ਇੱਕ ਇਲਜ਼ਾਮ ਹੋਰ ਸਹੀ—
ਸਾਡੇ ਅਪਣੇ ਜਾਨੋਂ ਪਿਆਰਿਆਂ ਤੋਂ।
ਕੀ ਪੁੱਛਦੇ ਹੋ ਕਰਮਾਂ ਮਾਰਿਆਂ ਤੋਂ.......

## ਅੰਮ੍ਰਿਤਾ ਪ੍ਰੀਤਮ ਜੀ ਦੇ ਨਾਂ

ਵਾਰਿਸ ਸ਼ਾਹ ਨੂੰ ਆਖਦੀ ਸੀ ਕਬਰਾਂ 'ਚੋਂ ਬੋਲ ਵੇ,
ਇਸ਼ਕੇ ਦੀ ਕਿਤਾਬ ਵਾਲਾ ਵਰਕਾ ਕੋਈ ਫ਼ੋਲ ਵੇ,

ਦੋ ਪ੍ਰੇਮੀ ਵਿਛੜੇ ਤੂੰ ਲੱਖਾਂ ਲਿਖ ਦਿੱਤੇ ਸੁਨੇਹੜੇ,
ਅੱਜ ਟੁੱਟਦੇ ਹੋਏ ਪਿਆਰਾਂ ਦੀ ਗੱਲ ਕਿਹੜਾ ਛੇੜੇ।

ਅੱਜ ਫੇਰ ਉਹੀਓ ਹਾਲਾਤ ਹੋ ਗਏ ਪੰਜਾਬ ਦੇ,
ਜ਼ਹਿਰ ਬਣ ਗਏ ਨੇ ਪਾਣੀ ਮਿੱਠੜੇ ਝਨਾਬ ਦੇ।

ਅੱਜ ਫੇਰ ਵੱਗਣ ਨੇ ਲੱਗੀਆਂ ਉਹ ਗਰਮ ਹਵਾਵਾਂ,
ਧੀਆਂ ਨੂੰ ਮਾਰਨ ਲੱਗੀਆਂ ਅਪਣੇ ਹੱਥੀਂ ਮਾਂਵਾਂ।

ਰੱਬ ਦੇ ਬੰਦੇ ਰੱਬ ਦੇ ਨਾਂ ਤੇ ਫੁੱਟ ਪਵਾਉਂਦੇ,
ਵਾਹਿਗੁਰੂ, ਅੱਲ੍ਹਾ, ਰਾਮ, ਕਹਿ ਕੇ ਲੁੱਟ ਮਚਾਉਂਦੇ।

ਨ ਰਹੇ ਨੇ ਹੀਰ ਸਲੇਟੀ ਦੇ ਨੈਣ ਉਹ ਸੰਦਲੀ,
ਨ ਰੱਝੇਟੇ ਚਾਕ ਦੀ ਕਦੇ ਸੁਣੀ ਮੈਂ ਵੰਝਲੀ।

ਇੱਕ ਦੂਜੇ ਨੂੰ ਵੇਖ-ਵੇਖ ਅਸੀਂ ਬਦਲ ਗਏ ਸਾਰੇ,
ਅੱਜ ਫੇਰ ਪੰਜਾਬ ਨੂੰ ਲੈ ਆਏ ਹਾਂ ਵੰਡ ਕਿਨਾਰੇ।

ਫ਼ਰਜ਼ਾਂ ਨੂੰ ਭੁੱਲ ਭੁਲਾ ਕੇ ਹੱਕ ਸਭ ਮੰਗਣਾ ਚਾਹੁੰਦੇ,
ਉਹ 'ਪਾਤਰ-ਸ਼ਿਵ' ਦੇ ਗੀਤਾਂ ਨੂੰ ਵੀ ਵੰਡਣਾ ਚਾਹੁੰਦੇ।

ਉਹ ਤੂੰਬੀ, ਅਲਗੋਜੇ, ਢੱਡ-ਸਾਰੰਗੀ ਲਾ ਦਿੱਤੇ ਖੂੰਜੇ,
ਪੰਜਾਬੀ ਸੱਭਿਆਚਾਰ ਰੋਂਦਾ ਅੱਥਰੂ ਕੋਈ ਨਾ ਪੂੰਝੇ।

ਨ ਹੀ ਉਹ ਹੀਰ-ਰਾਂਝੇ, ਨ ਹੀ ਉਹ ਪਿਆਰ ਰਹੇ ਨੇ,
ਅੱਜ ਇਸ਼ਕ ਦੇ ਨਾਂ ਤੇ ਲੋਕੀਂ ਕਰ ਵਪਾਰ ਰਹੇ ਨੇ।

'ਇਸ਼ਕ ਦੀਆਂ ਤਸਵੀਰਾਂ' ਅੱਜ ਵੀ ਲੁੱਕ-ਲੁੱਕ ਰੋਵਣ,
'ਪ੍ਰੀਤ ਕਹਾਣੀਆਂ' ਕਦੇ ਵੀ ਨਾ ਇੱਥੇ ਪੂਰੀਆਂ ਹੋਵਣ।

ਕੱਲਾ, ਇਸ ਜ਼ਮਾਨੇ ਨੂੰ ਦੱਸ ਮੈਂ ਕਿੰਝ ਬਦਲਾਂ,
ਸੱਚ ਅੰਮ੍ਰਿਤਾ ਯਾਦ ਆਉਣ ਅੱਜ ਤੇਰੀਆਂ ਗ਼ਜ਼ਲਾਂ।

ਤੇਰੇ ਜਿਹੀ ਕਵਿਤਾ ਕੋਈ, ਦੱਸ ਅਸੀਂ ਕਿੰਝ ਲਿਖੀਏ,
ਨਕਲ ਤੇਰੀ ਕਰਕੇ ਬੱਸ ਅਸੀਂ ਤਾਂ ਲਿਖਣਾ ਸਿੱਖੀਏ।

ਦਿਲ ਦੇ ਦਰਦ ਮੈਂ ਤੇਰੇ ਅੱਗੇ ਰੱਖ ਦਿੱਤੇ ਖੋਲ੍ਹ ਕੇ,
ਇੱਕ ਹੋਰ 'ਅੰਮ੍ਰਿਤਾ' ਕਿੱਥੋਂ ਅਸੀਂ ਲੈ ਆਈਏ ਟੋਲ੍ਹ ਕੇ।

## ਜਗ-ਮਗ

ਜਗ-ਮਗ ਜਗ-ਮਗ ਕਰਦਾ ਤਾਰਾ,
ਜਿੰਦ ਮੇਰੀ ਨੂੰ ਲੱਗੇ ਪਿਆਰਾ,
ਅਵਾਜ਼ਾਂ ਮਾਰ ਮੈਨੂੰ ਨਿੱਤ ਬੁਲਾਵੇ,
ਜਿਉਂ ਦਿਲ ਅਪਣੇ ਦਾ ਦਰਦ ਅਧੂਰਾ—
ਸਾਂਝਾ ਮੇਰੇ ਨਾਲ ਕਰਨਾ ਚਾਹਵੇ।
ਜਗ-ਮਗ, ਜਗ-ਮਗ ਕਰਦਾ ਤਾਰਾ........

ਪਹੁ ਫੁਟਦੇ ਹੀ ਅੱਖ ਖੁੱਲਦੇ ਹੀ,
ਔਹ ਤਾਰਾ ਮੇਰੀ ਨਜ਼ਰੇ ਪੈਂਦਾ,
ਵੇਖੇ ਬਿਨ ਹਾਏ! ਉਸ ਦੇ ਵੱਲ ਨੂੰ—
ਮੇਰਾ ਵੀ ਤਾਂ ਮਨ ਨਹੀਂ ਰਹਿੰਦਾ,
ਸੂਰਜ ਚੜ੍ਹਦਾ ਡਰ ਪੈ ਜਾਂਦਾ—
ਚਮਕਾਂ ਵਿੱਚ ਕਿਤੇ ਖੋ ਨ ਜਾਵੇ।
ਜਗ-ਮਗ, ਜਗ-ਮਗ ਕਰਦਾ ਤਾਰਾ.......

ਕਦੇ ਕਦੇ ਇਹ ਤਾਰਾ ਸਿਵਿਆਂ ਵਿੱਚ,
ਜੱਗਦਾ ਕੋਈ ਦੀਵਾ ਲੱਗਦਾ,
ਜਿਉਂ ਅਪਣੀ ਉਮਰਾ ਦਾ ਮਰਿਆ—
ਹੋਵੇ ਕੋਈ ਹਾਣੀ ਲੱਭਦਾ,
ਆਪ ਵੀ ਰੋਂਦਾ ਰਹਿੰਦਾ ਏ ਨਿੱਤ—
ਮੈਨੂੰ ਅਪਣੇ ਨਾਲ ਰੁਆਵੇ।
ਜਗ-ਮਗ, ਜਗ-ਮਗ ਕਰਦਾ ਤਾਰਾ.........

ਇਸ ਤਾਰੇ ਦੀ ਮੱਧਮ ਲੋ ਤੋਂ,
ਪਵੇ ਭੁਲੇਖਾ ਹੀਰ ਦੇ ਮੁੱਖ ਦਾ,
ਤਖ਼ਤ ਹਜ਼ਾਰੇ ਤੋਂ ਆਇਆ ਰਾਹੀ—

ਹੋਵੇ ਸਿਆਲਾਂ ਦਾ ਰਾਹ ਪੁੱਛਦਾ,
ਉਦਾਸ ਜਿਹਾ ਇੱਕ ਸੁਰ ਵੰਝਲੀ ਦਾ—
ਮੈਨੂੰ ਪਿਆ ਹਰ ਰੋਜ਼ ਸੁਣਾਵੇ।
ਜਗ-ਮਗ, ਜਗ-ਮਗ ਕਰਦਾ ਤਾਰਾ........

ਇਹ ਤਾਰਾ ਜੋ ਹਰ ਇੱਕ ਸ਼ਾਮੀਂ,
ਸਾਰਿਆਂ ਨਾਲੋਂ ਪਹਿਲਾਂ ਚੜ੍ਹਦਾ,
ਹਿਜਰ ਕਿਸੇ ਦੀ ਅੱਗ ਵਿੱਚ ਲੱਗਦਾ—
ਹੋਵੇ ਮੇਰੇ ਵਾਂਗੂੰ ਸੜਦਾ,
ਹਿਜਰ ਦੀ ਅੱਗ ਦਾ ਸੇਕ ਬੁਰਾ ਏ—
ਇਸ ਨੂੰ ਕੋਈ ਕਿਵੇਂ ਬੁਝਾਵੇ।
ਜਗ-ਮਗ, ਜਗ-ਮਗ ਕਰਦਾ ਤਾਰਾ........

ਕਦੇ-ਕਦੇ ਮੈਨੂੰ ਇੰਝ ਲੱਗਦਾ ਏ,
ਜਿਉਂ ਇਹ ਤਾਰਾ 'ਸ਼ਿਵ' ਹੀ ਹੋਵੇ,
'ਵੀਤ' 'ਮੀਨਾ' ਦੇ ਦੋ ਨਾਵਾਂ ਨੂੰ—
ਚੇਤੇ ਕਰ-ਕਰ ਕੇ ਉਹ ਰੋਵੇ,
ਇਸ਼ਕੇ ਦੇ ਬਾਰੇ ਗੱਲ ਕੋਈ ਗਹਿਰੀ—
ਜਿਉਂ ਮੈਨੂੰ ਸਮਝਾਉਣੀ ਚਾਹਵੇ।
ਜਗ-ਮਗ, ਜਗ-ਮਗ ਕਰਦਾ ਤਾਰਾ,
ਜਿੰਦ ਮੇਰੀ ਨੂੰ ਲੱਗੇ ਪਿਆਰਾ।

# ਅਰਥ ਵਿਹੂਣੇ ਗੀਤ ਮੇਰੇ

# ਮੇਰੇ ਪਿਆਰ ਦੀ ਕਹਾਣੀ

ਸੁਣੋ ਮੈਂ ਸੁਣਾਵਾਂ ਮੇਰੇ ਪਿਆਰ ਦੀ ਕਹਾਣੀ,
ਕਿਵੇਂ ਮਿਲੀ ਕਿਵੇਂ ਜੁਦਾ ਹੋਈ ਮਰਜਾਣੀ,
ਸੁਣੋ ਮੈਂ ਸੁਣਾਵਾਂ...............

ਮਾਰਚ 17 ਦੀ ਢਲਦੀ ਹੋਈ ਸ਼ਾਮ ਸੀ,
ਪਹਿਲੀ ਵਾਰ ਜਦ ਉਹਦਾ ਆਇਆ ਪੈਗਾਮ ਸੀ,
ਨ ਸਮਝਿਆ, ਡਰ ਗਯਾ, ਕਰ ਗਯਾ ਨਦਾਨੀ,
ਸੁਣੋ ਮੈਂ ਸੁਣਾਵਾਂ..........

ਬਾਰੀ ਵਿੱਚੋਂ ਤੱਕਣਾ ਉਹਦਾ ਤੂਤਾਂ ਛਾਵੇਂ ਖੜਨਾ,
ਅੱਧੀ-ਅੱਧੀ ਰਾਤ ਤੱਕ ਚੁਬਾਰੇ ਵਿੱਚ ਪੜ੍ਹਨਾ,
ਉਹ ਜੋ ਹੁੰਦੀ, ਹੁੰਦੀ ਹਰ ਰਾਤ ਸੀ ਸੁਹਾਣੀ,
ਸੁਣੋ ਮੈਂ ਸੁਣਾਵਾਂ............

ਅਪ੍ਰੈਲ 17 ਦੀ ਸਵੇਰ ਤੋਂ ਅੱਜ ਵੀ ਮੈਂ ਡਰਦਾ,
ਕੀਤੀ ਹੋਈ ਭੁੱਲ ਦਾ ਪਛਤਾਵਾ ਪਿਆ ਕਰਦਾ,
ਮਿੱਟੀ ਵਿੱਚ ਰੋਲ ਦਿੱਤੀ ਸੱਜਰੀ ਜਵਾਨੀ,
ਸੁਣੋ ਮੈਂ ਸੁਣਾਵਾਂ.............

ਬੜੇ ਚੋਜ ਕੀਤੇ ਉਸ ਕੁੜੀ ਨੂੰ ਹਸਾਉਣ ਲਈ,
ਤੈਨੂੰ ਤੱਕ ਕੇ ਜਿਊਂਦਾ ਕੋਈ ਇਹੋ ਸਮਝਾਉਣ ਲਈ,
ਤੇਰੇ ਨਾਲ 13 ਜਨਮਾਂ ਦੀ ਸਾਂਝ ਹੈ ਪੁਰਾਣੀ,
ਸੁਣੋ ਮੈਂ ਸੁਣਾਵਾਂ.........

ਫਿਰ ਇੱਕ ਦਿਨ ਉਹਨੂੰ ਯਾਦ ਮੇਰੀ ਆਈ ਸੀ,
ਵੇਲਾ ਸੀ ਸਵੇਰ ਦਾ ਉੱਨਤੀ ਜੁਲਾਈ ਸੀ,
ਸੱਚਿਆਂ ਤੇ ਸੱਚੇ ਰੱਬ ਜੀ ਦੀ ਹੋਈ ਮਿਹਰਬਾਨੀ,
ਸੁਣੋ ਮੈਂ ਸੁਣਾਵਾਂ..............

ਪਿੰਡ ਉਹਦੇ ਆਉਣ ਤੇ ਦੀਵੇ ਮੈਂ ਜਗਾਉਂਦਾ ਸੀ,
ਦੀਵਾਨਗੀ ਦੀ ਹਰ ਹੱਦ ਨਾਲੋਂ ਵੱਧ ਉਹਨੂੰ ਚਾਹੁੰਦਾ ਸੀ,
ਰੋ-ਰੋ ਹੁਣ ਅੱਖੀਆਂ ਦਾ ਸੁੱਕ ਗਯਾ ਪਾਣੀ,
ਸੁਣੋ ਮੈਂ ਸੁਣਾਵਾਂ............

ਬੱਸ ਫ਼ਿਰ ਕੀ ਸੀ ਹੱਸਦੇ ਹਸਾਉਂਦੇ ਰਹੇ,
ਦੁਨੀਆਂਦਾਰੀ ਨੂੰ ਭੁੱਲ ਸਪਨੇ ਸਜਾਉਂਦੇ ਰਹੇ,
ਲੇਖਾਂ ਵਿੱਚ ਲਿਖੀ ਸੀ ਇੱਕ ਠੋਕਰ ਵੀ ਖਾਣੀ,
ਸੁਣੋ ਮੈਂ ਸੁਣਾਵਾਂ..........

ਮਾਂ-ਬਾਪ ਵਾਲੇ ਅਸੀਂ ਕਰਜਾਂ ਨੂੰ ਭੁੱਲ ਸਕੇ ਨ,
ਭੈਣ-ਭਾਈ ਵਾਲੇ ਅਸੀਂ ਫ਼ਰਜ਼ਾਂ ਨੂੰ ਭੁੱਲ ਸਕੇ ਨ,
ਦੁਨੀਆਂ ਦੀ ਰੀਤ ਸਾਨੂੰ ਪੈ ਗਈ ਨਿਭਾਣੀ,
ਸੁਣੋ ਮੈਂ ਸੁਣਾਵਾਂ..............

ਇੱਕ ਦਿਨ 'ਬਾਦਸ਼ਾਹਪੁਰੀ' ਉਹਨੂੰ ਦੂਰ ਹੋਣਾ ਪੈ ਗਯਾ,
'ਵੀਤ' ਹੱਸਣਾ ਸਿਖਾਉਣ ਵਾਲੀ ਨੂੰ ਆਪ ਰੋਣਾ ਪੈ ਗਯਾ,
ਨਸੀਬਾਂ ਸਾਡਿਆਂ 'ਚ ਸ਼ਾਇਦ ਲਿਖੀ ਨ ਸੀ ਨਿਭ ਜਾਣੀ,
ਸੁਣੋ ਮੈਂ ਸੁਣਾਵਾਂ............

ਖੌਰ੍ਹੇ ਹੁਣ ਸਾਡੇ ਮੇਲ ਹੋਣਗੇ ਵੀ ਜਾਂ ਨਹੀਂ,
ਤੱਕ ਕੇ ਹਾਏ ਉਹਨੂੰ ਨੈਣ ਰੋਣਗੇ ਵੀ ਜਾਂ ਨਹੀਂ,
ਸਾਡੀ ਜ਼ਿੰਦਗੀ ਦਾ ਗਹਿਣਾ ਉਹਦੀ ਯਾਦ ਨਿਸ਼ਾਨੀ,
ਸੁਣੋ ਮੈਂ ਸੁਣਾਵਾਂ ਮੇਰੇ ਪਿਆਰ ਦੀ ਕਹਾਣੀ,
ਕਿਵੇਂ ਮਿਲੀ ਕਿਵੇਂ ਜੁਦਾ ਹੋਈ ਮਰਜਾਣੀ......!!

# ਕੁੜੀਆਂ ਦੇ ਗੀਤ

ਹਰ ਪਾਸੇ ਚਰਚੇ ਨੇ ਮੋਬਾਇਲ ਵਾਲੀਆਂ ਦੇ,
ਸਮਾਇਲ ਵਾਲੀਆਂ ਦੇ ਜਾਂ ਸਟਾਇਲ ਵਾਲੀਆਂ ਦੇ,
ਫੈਸ਼ਨ ਤੇ ਗਲੈਮਰ ਵੇਖਣ ਵਾਲੀਆ ਅੱਖਾਂ ਨੂੰ,
ਜ਼ੁਲਮ ਹੁੰਦਾ ਧਰਤੀ ’ਤੇ ਕਿਉਂ ਨਹੀਂ ਦਿਖਦਾ.........
ਜੋ ਕੁੜੀਆਂ ਬੁੱਢੇ ਮਾਪਿਆਂ ਦਾ ਬਣਨ ਸਹਾਰਾ,
ਉਹਨਾਂ ‘ਕੁੜੀਆਂ ਦੇ ਗੀਤ’ ਕੋਈ ਕਿਉਂ ਨਹੀਂ ਲਿਖਦਾ........

ਜੋ ਭੁੱਖਣ ਭਾਣੀਆਂ ਸਾਰਾ ਦਿਨ ਮਿਹਨਤ ਮਜ਼ਦੂਰੀ ਕਰਦੀਆਂ ਨੇ,
ਮਾਪਿਆਂ ਨਾਲ ਜੋ ਖੇਤਾਂ ’ਚ ਜਾ ਕੇ ਹਾੜੀ ਵੱਢਦੀਆਂ ਨੇ,
ਸਾਰਾ ਦਿਨ ਸੂਰਜ ਦੀ ਧੁੱਪ ਲੰਘੇ ਸਿਰ ਉੱਤੋਂ—
ਜਦੋਂ ਕਈਆਂ ਤੋਂ ਤਾਂ ਧੁੱਪੇ ਪੈਰ ਵੀ ਨਹੀਂ ਟਿਕਦਾ.........
ਉਹਨਾਂ ‘ਕੁੜੀਆਂ ਦੇ ਗੀਤ’ ਕੋਈ ਕਿਉਂ ਨਹੀਂ ਲਿਖਦਾ

ਭਾਣਾ ਮੰਨ ਰੱਬ ਦਾ ਜੋ ਹਰ ਦੁੱਖ ਹੰਢਾ ਲੈਂਦੀਆਂ,
ਪੰਡ ਕੱਖਾਂ ਦੀ ਬਦਲੇ ਜੋ ਆਪਣੀ ਇੱਜ਼ਤ ਗੁਆ ਲੈਂਦੀਆਂ,
ਜਿਨ੍ਹਾਂ ਦੇ ਦਿਲਾਂ ਦਾ ਹਰ ਇੱਕ ਅਰਮਾਨ—
ਗਰੀਬੀ ਵਾਲੀ ਚੱਕੀ ਵਿਚ ਰਹੇ ਪਿਸਦਾ,
ਉਹਨਾਂ ‘ਕੁੜੀਆਂ ਦੇ ਗੀਤ’ ਕੋਈ ਕਿਉਂ ਨਹੀਂ ਲਿਖਦਾ.........

ਔਰਤ ਜਾਤ ਦੇ ਜੋ ਹਰ ਰਿਸ਼ਤੇ ਨੂੰ ਸਤਿਕਾਰ ਦਿੰਦਾ ਏ,
ਅਪਣੇ ਹਿੱਸੇ ਦੀ ਦੁਨੀਆਂ ਵੀ ਜੋ ਕੁੜੀਆਂ ਤੋਂ ਵਾਰ ਦਿੰਦਾ ਏ,
ਪੰਜਾਬੀ ਜ਼ੁਬਾਨ ਦੇ ਸਪੂਤ ਵੇ ਲਿਖਾਰੀ ਪੁੱਤਰੋ–
ਕੋਈ ‘ਮਰਜਾਣੇ ਮਾਨ’ ਵਾਂਗੂੰ ਲਿਖਣਾ ਕਿਉਂ ਨਹੀਂ ਸਿੱਖਦਾ
ਉਨ੍ਹਾਂ ‘ਕੁੜੀਆਂ ਦੇ ਗੀਤ’....................

ਅਪਣੇ ਇਸ ਗੀਤ ਨੂੰ ਮੈਂ ਕਈਆਂ ਕੋਲ ਗਿਆ ਲੈ ਕੇ,
ਮਾਂ-ਬੋਲੀ ਦੇ ਰਾਖੇ ਮੈਨੂੰ ਮੋੜ ਦਿੰਦੈ ਸੀ ਇਹ ਕਹਿ ਕੇ,
ਲਿਖਣਾ ਏ ਯਾਰ ਕੁਝ ਮਾਡਰਨ ਜਿਹਾ ਲਿਖਿਆ ਕਰ—
ਅੱਜ ਕੱਲ੍ਹ 'ਬਾਦਸ਼ਾਹਪੁਰੀ' ਅਜਿਹਾ ਕੁਝ ਨਹੀਂ ਵਿਕਦਾ
ਉਹਨਾਂ 'ਕੁੜੀਆਂ ਦੇ ਗੀਤ'.................

ਸੁਣਨ ਵਾਲੇ ਸੋਚਦੇ ਨੇ ਕੇ ਆਪਾਂ ਨੇ ਤਾਂ ਕੁਝ ਲੈਣਾ ਨਹੀਂ,
ਅਜਿਹਾ ਕੁਝ ਨਾ ਲਿਖੋ ਕੇ ਲੋਕ ਸੋਚਣ ਸਾਡੇ ਘਰ ਧੀਆਂ-ਭੈਣ ਨਹੀਂ,
ਆਸ਼ਕ-ਮਾਸ਼ੂਕ ਵਾਲੇ ਹੀ ਰਿਸ਼ਤੇ ਨਾ ਰਟੀ ਜਾਵੋ—
'ਵੀਤ' ਲਿਖਣ ਲੱਗੇ ਧਿਆਨ ਰੱਖੋ ਰਿਸ਼ਤੇ ਹਰ ਇੱਕ ਦਾ.........
ਜੋ ਕੁੜੀਆਂ ਬੁੱਢੇ ਮਾਪਿਆਂ ਦਾ ਬਣਨ ਸਹਾਰਾ-
ਉਹਨਾਂ 'ਕੁੜੀਆਂ ਦੇ ਗੀਤ' ਕੋਈ ਕਿਉਂ ਨਹੀਂ ਲਿਖਦਾ..........

## ਕੁਝ ਅਰਮਾਨ

ਪੰਛੀ, ਪਰਦੇਸੀ ਤਾਰੇ—
ਅੰਬਰਾਂ 'ਚੋਂ ਟੁੱਟੇ ਹੋਏ,
ਵਸਦੇ ਹੋਏ ਉੱਜੜੇ,
ਉੱਜੜ ਕੇ ਬੜਾ ਰੋਏ।

ਗੂੜੇ ਪਿਆਰਾਂ ਵਾਲੇ ਯਾਰ–
ਯਾਰਾਂ ਨਾਲ ਗੁੱਸੇ ਹੋਏ,
ਬਾਗਾਂ ਵਿੱਚ ਖਿੜੇ ਫੁੱਲ,
ਬਹਾਰਾਂ ਨਾਲ ਰੁੱਸੇ ਹੋਏ।

ਮੁੜ ਕੇ ਨਾ ਹਾਸੇ ਕਦੇ—
ਮੇਰਿਆਂ ਬੁੱਲਾਂ ਤੇ ਆਏ,
ਕਾਲਾ, ਕਿੰਦੀ, ਬਲਵੀਰ ਨੇ,
ਜਿਸ ਦਿਨ ਦੇ ਵਿਛੋੜੇ ਪਾਏ।

ਰੀਝਾਂ ਵਾਲੀ ਮਾਲਾ ਟੁੱਟੀ—
ਚਾਅ ਦਿਲ ਮੇਰੇ ਦੇ ਮੋਏ,
ਸੁਪਨੇ ਲੰਮੀਆਂ ਤਾਣ ਸੌਂ ਗਏ,
ਨਾਲ ਹੀ ਨਸੀਬ ਸੋਏ।

ਕੰਡਿਆਂ ਤੋਂ ਰਿਹਾ ਬਚਦਾ—
ਜ਼ਖ਼ਮ ਫੁੱਲਾਂ ਕੋਲੋਂ ਖਾਏ,
ਅਪਣੇ ਬੇਗਾਨੇ ਪਹਿਚਾਣ ਲੈਣੇ,
ਕਦੇ ਨਾ ਯਾਰ ਮੈਨੂੰ ਆਏ।

ਵਣਜ ਪਿਆਰਾਂ ਵਾਲੇ ਕਦੇ—
ਨਹੀਓਂ ਸਾਨੂੰ ਰਾਸ ਆਏ,
ਅਸੀਂ ਇੰਝ ਹੀ ਤੁਰ ਜਾਣਾ,
'ਵੀਤ' ਇਵੇਂ ਸੀ ਉਦਾਸ ਆਏ।

ਸਾਡੇ ਤੋਂ ਬੂਹੇ ਨਜ਼ਰਾਂ ਦੇ—
ਯਾਰਾਂ ਨੇ ਜਦੋਂ ਦੇ ਢੋਏ,
ਪਤਾ ਵੀ ਨਾ ਲੱਗੇ ਸਾਨੂੰ,
ਕਦ ਜੀ ਲਏ ਕਦ ਮੋਏ।

ਯਾਰੀਆਂ ਲਾ ਕੇ ਨਫ਼ੇ—
ਖੱਟਣੇ ਸਾਨੂੰ ਨ ਆਏ,
ਅਪਣੇ ਬਣਾ ਕੇ ਮੁੱਖ,
ਵੱਟਣੇ ਸਾਨੂੰ ਨ ਆਏ।

ਮੁੱਦਤਾਂ ਦੇ ਵਿੱਛੜੇ ਆਂ—
ਹਾਲੇ ਵੀ ਨਾ ਮੇਲੇ ਹੋਏ,
ਯਾਦ ਤੇਰੀ ਕੋਲੋਂ 'ਵੀਤ',
ਕਿਸੇ ਪਲ ਵੀ ਨਾ ਵਿਹਲੇ ਹੋਏ।

ਰੱਬਾ ਮੇਲ ਚਿਰ ਦੇ ਵਿੱਛੜੇ-
ਵਾਰ-ਵਾਰ ਰਹੇ ਕਹਿ,
ਤੀਰ ਇਹ ਜੁਦਾਈਆਂ ਵਾਲੇ,
ਹੋਰ ਨਹੀਓਂ ਹੁੰਦੇ ਸਹਿ।

ਪੈਰ ਤੇਰੇ ਪਿੰਡ ਸਾਡੇ ਕਦੇ—
ਮੁੜ ਕੇ ਨਾ ਹੁਣ ਪਏ,
ਪਹਿਲਾਂ ਵਾਂਗ ਗੀਤ ਯਾਰਾ,
ਲਿਖੇ ਨਾ ਸਾਡੇ ਤੋਂ ਗਏ।

# ਸੱਜਣਾ ਵੇ ਸੱਜਣਾ

ਸੱਜਣਾ ਵੇ ਸੱਜਣਾ
ਲੋਚਦੇ ਹਾਂ ਅਸੀਂ—
ਮਿੱਟੀ ਬਣ ਜਾਣਾ ਵੇ ਉਹ।
ਜਿਹਦੇ ਉੱਤੋਂ ਹੋਵੇ,
ਨਿੱਤ ਲੰਘਣਾ ਵੇ ਤੇਰਾ—
ਮਿਲੇ ਤੇਰੇ ਚਰਨਾਂ ਦੀ ਛੋਹ...........

ਸੱਜਣਾ ਵੇ ਸੱਜਣਾ,
ਦੱਸ ਨਹੀਓਂ ਸਕਦੇ ਤੈਨੂੰ—
ਤੇਰੇ ਨਾਲ ਅੰਤਾਂ ਦਾ ਮੋਹ।
ਖਿਆਲ ਤੇਰਾ ਦਿਲ 'ਚੋਂ,
ਭੁਲਾਇਆ ਨਹੀਂ ਭੁੱਲਦਾ—
ਤੈਨੂੰ ਸਾਹਾਂ ਵਿੱਚ ਰੱਖਿਆ ਪਰੋ..........

ਸੱਜਣਾ ਵੇ ਸੱਜਣਾ,
ਸਦਾ ਅੰਗ-ਸੰਗ ਰਹਿਣਾ ਤੇਰੇ—
ਜਿਉਂ ਫੁੱਲ ਨਾਲ ਰਹਿੰਦੀ ਖੁਸ਼ਬੋ।
ਸੱਚ ਪੁੱਛੇ ਸਾਡੇ ਕੋਲੋਂ,
ਜੀ ਵੀ ਨਹੀਂ ਹੋਣਾ ਯਾਰਾ—
ਪਲ ਵੀ ਤੇਰੇ ਤੋਂ ਵੱਖ ਹੋ........

ਸੱਜਣਾ ਵੇ ਸੱਜਣਾ,
ਸੱਚ ਆਖਦੇ ਹਾਂ ਤੈਨੂੰ—
ਕੁੱਝ ਸਕਦੇ ਨ ਤੇਰੇ ਤੋਂ ਲਕੋਅ।
ਇੱਥੇ ਤੈਨੂੰ ਮੈਂ ਉਡੀਕਾਂ,
ਕਬਰਾਂ 'ਚ ਬੇ-ਸਬਰੇ ਦਿਲ ਨਾਲ—
ਮੈਨੂੰ ਉਡੀਕਦੇ ਨੇ ਵੇ ਉਹ...........

ਸੱਜਣਾ ਵੇ ਸੱਜਣਾ,
ਬੇੜੀ ਅਪਣੇ ਪਿਆਰ ਦੀ ਨੂੰ—
ਆਪੇ ਅਸੀਂ ਲਿਆ ਏ ਡਬੋ।
'ਵੀਤ' ਉਮਰਾਂ ਦਾ ਪਛਤਾਉਣਾ,
ਰਹਿ ਗਯਾ ਪੱਲੇ ਸਾਡੇ—
ਹੁਣ ਕੁੱਝ ਸਕਦੇ ਨਹੀਂ ਹੋ..........

ਸੱਜਣਾ ਵੇ ਸੱਜਣਾ,
ਲੋਚਦੇ ਹਾਂ ਅਸੀਂ—
ਗੀਤ ਬਣ ਜਾਣਾ ਵੇ ਉਹ।
ਜੀਹਨੂੰ ਸੁਣ ਕੇ ਤੈਨੂੰ,
ਮੋਏ ਯਾਦ ਆਉਂਦੇ ਸੀ ਕਦੇ—
ਅੱਖ ਤੇਰੀਆਂ ਪੈਂਦੀ ਸੀ ਰੋ..........

# ਇੱਕ ਰਾਣੀ ਮੇਰੇ ਸੁਪਨਿਆਂ ਦੀ

ਇੱਕ ਰਾਣੀ ਮੇਰੇ ਸੁਪਨਿਆਂ ਦੀ,
ਆ ਰਾਤੀਂ ਹੁਕਮ ਚਲਾਉਂਦੀ ਆ,
ਇੱਕ ਰਾਣੀ ਮੇਰੇ ਖ਼ੁਆਬਾਂ ਦੀ—
ਆਪ ਹੱਸਦੀ ਮੈਨੂੰ ਰਵਾਉਂਦੀ ਆ...........

ਸਾਵਣ ਵਿੱਚ ਹੁੰਦੀ ਬਰਸਾਤ ਜਿਹੀ ਉਹ,
ਪਹੁ ਫੁੱਟਦੀ ਹੋਈ ਪ੍ਰਭਾਤ ਜਿਹੀ ਉਹ,
ਚੰਨ ਦੇ ਘਰ ਦੀ ਜਾਈ ਲੱਗਦੀ—
ਪੁੰਨਿਆਂ ਦੀ ਕਿਸੇ ਰਾਤ ਜਿਹੀ ਉਹ,
ਦਰਿਆ ਦੇ ਵਗਦੇ ਪਾਣੀ ਵਰਗੀ—
ਕੁਦਰਤ ਦੀ ਕਰਾਮਾਤ ਜਿਹੀ ਉਹ।

ਸੁਪਨੇ ਵਿੱਚ ਮੇਰੇ ਕੋਲ ਆ ਬਹਿੰਦੀ,
ਬਾਂਹ ਤੋਂ ਫੜ ਕੇ ਮੈਨੂੰ ਜਗਾ ਲੈਂਦੀ,
ਪਰ ਜਦ ਮੇਰੀ ਅੱਖ ਖੁੱਲ ਜਾਂਦੀ—
ਕਿਧਰੇ ਨਾ ਉਹ ਨਜ਼ਰੀਂ ਪੈਂਦੀ,
ਸੁਪਨੇ ਵਿੱਚ ਉਹ ਗੱਲਾਂ ਕਰਦੀ ਹੈ,
ਮੇਰੀ ਬੇਰੰਗ ਜ਼ਿੰਦਗੀ ਵਿੱਚ ਰੰਗ ਭਰਦੀ ਹੈ,
ਪਰ ਜ਼ਿੰਦਗੀ ਦਾ ਇੱਕ ਐਸਾ ਸੱਚ ਹੈ—
ਜਿਸ ਦੇ ਸੱਚ ਤੋਂ ਉਹ ਵੀ ਡਰਦੀ ਹੈ।

ਖ਼ੁਆਬਾਂ ਦੇ ਵਿੱਚ ਖ਼ੁਆਬ ਸਜਾਉਂਦੀ,
ਸੱਚ ਜ਼ਿੰਦਗੀ ਦੇ ਭੁੱਲਣਾ ਚਾਹੁੰਦੀ,
ਭਰਮਾਂ ਦੇ ਰੰਗਾਂ ਵਿੱਚ ਘੁੱਲਣਾ ਚਾਹੁੰਦੀ,
ਹੰਝੂਆਂ ਦੇ ਵਿੱਚ ਰੁੱਲਣਾ ਚਾਹੁੰਦੀ,
ਮੇਰੀ ਹੋ ਕੇ ਜੀਣਾ ਚਾਹਵੇ—
ਨਾ ਜ਼ਹਿਰ ਜੁਦਾਈ ਪੀਣਾ ਚਾਹਵੇ,
ਖ਼ੁਆਬਾਂ ਦੀ ਇਸ ਦੁਨੀਆਂ ਦੇ ਵਿੱਚ—

ਸਦਾ ਗੁਆਚੀਂ ਰਹਿਣਾ ਚਾਹੁੰਦੀ।
ਮੇਰੇ ਖੁਆਬਾਂ ਦੀ ਉਹ ਰਾਣੀ,
ਮੇਰੀ ਹੋ ਕੇ ਵੀ ਮਰਜਾਣੀ,
ਕਿਉਂ ਮੇਰੇ ਤੋਂ ਦੂਰ ਹੋਈ ਹੈ,
ਬਣ ਕੇ ਰਹਿ ਗਈ 'ਇੱਕ ਕਹਾਣੀ।

ਅਣਜਾਣੇ ਕਿਸੇ ਮੋੜ ਖੜੀ ਉਹ,
ਪਿਆਰ ਦੇ ਰਾਹ ਤਲਾਸ਼ ਰਹੀ ਹੈ,
ਹੋਈ ਲੱਗਦੀ ਡਾਰ ਵਿਹੂਣੀ,
ਨਾ ਕੋਈ ਸੋਚ, ਨਾ ਆਸ ਰਹੀ ਹੈ,
ਸ਼ੀਸ਼ੇ ਵਰਗੀ, ਸਾਫ਼ ਤੇ ਸੁੱਚੀ—
ਸ਼ੀਸ਼ੇ ਵਾਂਗ ਖ਼ਾਮੋਸ਼ ਖੜ੍ਹੀ ਹੈ।

ਉਹ ਮੇਰੀ ਨਹੀਂ, ਗ਼ਮ ਨ ਕੋਈ,
ਯਾਦ ਉਹਦੀ ਤਾਂ ਹੋ ਗਈ ਮੇਰੀ,
ਜਿੰਨੀ ਉਮਰ ਉਹਦੀ ਯਾਦ 'ਚ ਬੀਤੇ—
ਮੈਨੂੰ ਓਨੀ ਹੀ ਉਮਰ ਬਥੇਰੀ,
ਸਾਡੇ ਦੋਹਾਂ ਵਿੱਚ ਰਿਸ਼ਤਾ ਕਿਹੜਾ—
ਛੱਡੋ ਇਹ ਤਾਂ ਗੱਲ ਲੰਮੇਰੀ,
ਉਸ ਕੁੜੀ ਦੇ ਖੁਆਬਾਂ ਦੇ ਵਿੱਚ—
ਮੈਂ ਸਦਾ ਗੁਆਚਿਆ ਰਹਿਣਾ ਚਾਹੁੰਦਾ।

ਤੇ ਫਿਰ ਜਾਂਦੀ, ਜਾਂਦੀ ਹੋਈ,
ਚੁੰਮਣਾ ਦੀ ਦੇ ਕੇ ਖੁਸ਼ਬੋਈ,
ਇਹ ਦੋ ਮੂੰਹੋਂ ਬੋਲ ਬੋਲ ਕੇ—
ਪਲਕਾਂ ਨੂੰ ਜਾਵੇ ਉਹ ਧੋਈ,
ਖੁਆਬਾਂ ਦੇ ਲਈ ਇਸ ਦੁਨੀਆਂ ਵਿੱਚ—
ਕਿਧਰੇ 'ਵੀਤ' ਥਾਂ ਨਹੀਂ ਕੋਈ,
ਸਾਡਾ ਇੱਕ ਦੂਜੇ ਦੇ ਖੁਆਬਾਂ ਦੇ ਵਿੱਚ,
ਸਾਰੀ ਉਮਰ ਰਹੇਗਾ ਆਉਣਾ ਜਾਣਾ।

## ਗੱਲ ਪੁਰਾਣੀ

ਚਿਰ ਹੋਇਆ ਹੈ ਗੱਲ ਪੁਰਾਣੀ,
ਮੈਂ ਵੀ ਹੱਸਦਾ ਹੁੰਦਾ ਸੀ,
ਜਦੋਂ ਮੇਰੇ ਤੋਂ ਜੁਦਾ ਨਹੀਂ ਸੀ ਹੋਈ ਮਰਜਾਣੀ—
ਮੈਂ ਵੀ ਹੱਸਦਾ ਹੁੰਦਾ ਸੀ............

ਮੇਰੇ ਦਿਲ ਨੇ ਵੀ ਸਧਰਾਂ ਦੇ ਮਹਿਲ ਉਸਾਰੇ ਸੀ,
ਮੈਨੂੰ ਵੀ ਇਹ ਤਿਉਹਾਰ ਤੇ ਮੇਲੇ ਲੱਗਦੇ ਪਿਆਰੇ ਸੀ,
ਕਾਲੇ ਰੰਗ ਦਾ ਸੂਟ ਜਦੋਂ ਉਹ ਪਾਇਆ ਕਰਦੀ ਸੀ,
ਲੰਘਦੀ ਸਾਡੀ ਗਲੀ 'ਚੋਂ ਵੰਗਾਂ ਛਣਕਾਇਆ ਕਰਦੀ ਸੀ,
ਜਦੋਂ ਉਹਦੇ ਗਲ ਪਾਈ ਹੁੰਦੀ ਸੀ ਮੇਰੀ ਦਿੱਤੀ ਗਾਨੀ—
ਮੈਂ ਵੀ ਹੱਸਦਾ ਹੁੰਦਾ ਸੀ........

ਵਫ਼ਾ ਦੇ ਬਦਲੇ ਸਾਡੇ ਤੋਂ ਵਫ਼ਾਵਾਂ ਮੰਗਿਆ ਕਰਦਾ ਸੀ,
ਕਦੇ ਮੇਰੇ ਲਈ ਵੀ ਕੋਈ ਦੁਆਵਾਂ ਮੰਗਿਆ ਕਰਦਾ ਸੀ,
ਹੈਗੇ ਵੀ ਜਾ ਮਰ ਗਏ ਹੁਣ ਕੋਈ ਫ਼ਿਕਰ ਨਹੀਂ ਕਰਦਾ,
ਭੁੱਲ ਕੇ ਉਹ 'ਵੀਤ' ਸਾਡਾ ਕਿਤੇ ਜ਼ਿਕਰ ਨਹੀਂ ਕਰਦਾ,
ਆਈ ਨਾ ਸੀ ਹਾਲੇ ਹਿਜਰਾਂ ਦੀ ਲਹਿਰ ਤੁਫ਼ਾਨੀ—
ਮੈਂ ਵੀ ਹੱਸਦਾ ਹੁੰਦਾ ਸੀ..........

ਤੁਸੀਂ ਵੀ ਬਦਲ ਜਾਓ ਹੁਣ ਅਸੀਂ ਵੀ ਹੋਰ ਹੋ ਗਏ ਹਾਂ,
ਸਿੱਧੀ ਗੱਲ ਨ ਦੱਸਦੇ ਕਿ ਤੁਸਾਂ ਤੋਂ ਬੋਰ ਹੋ ਗਏ ਹਾਂ,
ਪਾਗਲਪਨ ਕਹਿੰਦੇ ਨੇ 'ਵੀਤ' ਉਹਨਾਂ ਪਾਕ-ਮੁਹੱਬਤਾਂ ਨੂੰ—
ਕਹਿੰਦੇ ਪਹਿਲਾਂ ਸੀ ਅਣਭੋਲ ਹੁਣ ਮਚਿਓਰ ਹੋ ਗਏ ਹਾਂ,
ਉਹਨਾਂ ਦਿਨਾਂ ਵਿੱਚ ਰੋਜ਼ ਜਦ ਹੁੰਦੀ ਸੀ ਨਿਆਣੀ—
ਮੈਂ ਵੀ ਹੱਸਦਾ ਹੁੰਦਾ ਸੀ.........

ਖੁਦਗਰਜੀ ਲਈ ਵਿਕ ਜਾਣਾ ਜੇ ਉਹ ਸਿਖਾਉਂਦੇ ਨਾ
ਔਖੇ ਵੇਲਿਆਂ ਦੇ ਵਿੱਚ ਯਾਰ ਜੇ ਮੂੰਹ ਘੁੰਮਾਉਂਦੇ ਨਾ,
'ਪਿਆਰ ਦੇ ਗੀਤਾਂ' ਵਿੱਚ ਜਿਕਰ ਕੰਡਿਆਂ ਦਾ ਕਰਦਾ ਕਿਉਂ—
ਦਿਲ ਦੇ ਮਹਿਰਮ ਜੇਕਰ ਦਿਲ ਦੇ ਫ਼ੱਟ ਦੁਖਾਉਂਦੇ ਨਾ,
ਸੋਹਣੇ ਰੰਗ ਵਾਲਿਆਂ ਜਦ ਸਿੱਖੀ ਨ ਸੀ ਬੇਈਮਾਨੀ—
ਮੈਂ ਵੀ ਹੱਸਦਾ ਹੁੰਦਾ ਸੀ........
ਚਿਰ ਹੋਇਆ ਹੈ ਗੱਲ ਪੁਰਾਣੀ, ਮੈਂ ਵੀ ਹੱਸਦਾ ਹੁੰਦਾ ਸੀ।

## ਇੱਕ ਗੀਤ

ਹਿਜਰ ਤੇਰੇ ਦੇ ਦੁੱਖ ਵੇ ਸੱਜਣਾ-
ਹਰ ਪਲ ਰਹਿੰਦੇ ਦੁੱਖਦੇ ਨੇ,
ਕੌਣ ਤੇਰਾ ਜੋ ਛੱਡ ਗਯਾ ਤੈਨੂੰ—
ਲੋਕ ਮੇਰੇ ਤੋਂ ਪੁੱਛਦੇ ਨੇ।

ਇਸ਼ਕ ਤੇਰੇ ਨੂੰ ਪਾ ਕੇ ਸੱਜਣਾ—
ਅਪਣੇ ਆਪ ਤੋਂ ਖੋ ਗਏ ਸਾਂ,
ਹਿਜਰ ਤੇਰੇ ਦੇ ਵਿੱਚ ਮਿੱਤਰਾ ਵੇ—
ਮੋਇਆਂ ਤੋਂ ਵੱਧ ਹੋ ਗਏ ਹਾਂ,
ਸਾਹ ਮੁੱਕਣ ਕਿਨਾਰੇ ਪਹੁੰਚ ਚੁੱਕੇ—
ਨ ਗ਼ਮ ਮੁਕਾਏ ਮੁੱਕਦੇ ਨੇ।
ਕੌਣ ਤੇਰਾ ਜੋ ਛੱਡ ਗਯਾ.........।

ਜੁਦਾਈ ਤੇਰੀ ਦੇ ਦਾਗ਼ ਸੋਹਣਿਆਂ—
ਹੰਝੂਆਂ ਦੇ ਨਾਲ ਧੋਵਾਂ ਮੈਂ,
ਕੱਚੀ ਤੇਰੀ 'ਪ੍ਰੀਤ' ਦੇ ਦੁੱਖੜੇ—
ਦੱਸ ਕੀਹਦੇ ਅੱਗੇ ਰੋਵਾਂ ਮੈਂ,
ਜ਼ਿੰਦਗੀ ਜੀਣੀ ਬੋਝ ਹੈ ਲੱਗਦੀ—
ਜਦ ਯਾਰ-ਯਾਰਾਂ ਨਾਲ ਰੁੱਸਦੇ ਨੇ।
ਕੌਣ ਤੇਰਾ ਜੋ ਛੱਡ ਗਯਾ........।

ਤੂੰ ਸਾਡਾ ਤੇ ਕਦੇ ਬਣਿਆ ਹੀ ਨਹੀਂ—
ਕਿੰਝ ਲੋਕਾਂ ਨੂੰ ਇਹ ਸੱਚ ਦੱਸੀਏ,
ਕੀ ਤੇਰੇ ਵਿੱਚ ਸੀ ਵੱਧ ਕੇ ਸਾਥੋਂ—
ਕੀ ਸਾਡੇ ਵਿੱਚ ਸੀ ਕੱਚ ਦੱਸੀਏ,
ਸਦਾ ਜਵਾਨੀਆਂ ਮਾਣੀਆਂ ਨੇ ਤੂੰ—
ਸਾਡੇ ਹਿੱਸੇ ਨ ਪਲ ਸੁੱਖ ਦੇ ਨੇ।
ਕੌਣ ਤੇਰਾ ਜੋ ਛੱਡ ਗਯਾ.........

ਯਾਦ ਤੇਰੀ ਭੁੱਲਕੇ ਨਹੀਂ ਭੁੱਲਦੀ—
ਬੜਾ ਭੁਲਾਕੇ ਵੇਖਿਆ ਏ,
ਹਿਜਰ ਤੇਰੇ ਦੀ ਪੀੜ ਨੂੰ ਮਿੱਤਰਾ—
ਕਈ ਵਾਰੀ ਮੱਥਾ ਟੇਕਿਆ ਏ,
ਮੈਂ ਤਾਂ ਤੈਨੂੰ ਭੁੱਲ ਜਾਣਾ ਚਾਹੁੰਦਾ—
ਮੇਰੇ ਦਿਲ ਨੂੰ ਇਹ ਬੋਲ ਨ ਪੁੱਗਦੇ ਨੇ।
ਕੌਣ ਤੇਰਾ ਜੋ ਛੱਡ ਗਯਾ........।

ਤਿਲ-ਤਿਲ ਕਰਕੇ ਜੀਣ ਤੋਂ ਚੰਗਾ—
ਇਕੋ ਹੀ ਵਾਰ ’ਚ ਮਰ ਜਾਈਏ,
ਹੁਣ ਤੋਂ ਰਹਿੰਦੇ ਬਾਕੀ ਸਾਹ ਸਾਰੇ—
ਅਸੀਂ ਗੀਤਾਂ ਦੇ ਨਾਂ ਕਰ ਜਾਈਏ,
ਜੀਣ ਦੀ ਬਾਕੀ ਚਾਹਤ ਨ ਕੋਈ—
ਅਰਮਾਨ ਦਿਲੇ ਦੇ ਧੁੱਖਦੇ ਨੇ।
ਕੌਣ ਤੇਰਾ ਜੋ ਛੱਡ ਗਯਾ.........।

ਗ਼ਮ ਨੇ ਦਿਲ ਦਾ ਵਿਹੜਾ ਮੱਲਿਆ—
ਮਹਿਫ਼ਲਾਂ ਚੰਨ ਸਜਾਉਂਦਾ ਏ,
ਤਾਰਿਆਂ ਹੱਥੀਂ ਪੈਗ਼ਾਮ ਭੇਜ ਕੇ—
‘ਵੀਤ’ ਸਾਨੂੰ ਪਿਆ ਬੁਲਾਉਂਦਾ ਏ,
ਕਾਸਦ ਅੱਖੀਆਂ ਦੇ ਬਣੇ ਬਰਾਤੀ—
ਹੰਝੂ ਸਿਹਰਾ ਬੰਨ ਕੇ ਢੁੱਕਦੇ ਨੇ।
ਕੌਣ ਤੇਰਾ ਜੋ ਛੱਡ ਗਯਾ ਤੈਨੂੰ—
ਲੋਕ ਮੇਰੇ ਤੋਂ ਪੁੱਛਦੇ ਨੇ.......।

## ਮੈਂ ਬਦਨਾਮ.......

ਇਸ ਇਸ਼ਕ ਦੇ ਚੱਕਰਾਂ ਵਿੱਚ—
ਮੇਰਾ ਜੀਣਾ ਹਰਾਮ ਹੋ ਗਯਾ,
ਉਹ ਸਭ ਮਸ਼ਹੂਰ ਹੋ ਗਈਆਂ—
ਮੈਂ ਕੱਲਾ ਬਦਨਾਮ ਹੋ ਗਯਾ.........।

ਦੌਲਤਾਂ, ਸ਼ੁਹਰਤਾਂ ਨਹੀਂ ਮਿਲੀਆਂ-
ਇਹਦਾ ਗ਼ਮ ਵੀ ਹੈ ਮੈਨੂੰ,
ਇੱਕ ਖੁਸ਼ੀ ਵੀ ਹੈ ਮੈਨੂੰ—
ਅੱਜ ਚਾਰੇ ਪਾਸੇ ਮੇਰਾ ਨਾਮ ਹੋ ਗਯਾ.........।

ਕਿਸੇ ਇੱਕ ਥਾਂ 'ਤੇ ਕਦੇ—
ਮੇਰਾ ਦਿਲ ਰੁਕਿਆ ਵੀ ਹੈ ਨਹੀਂ,
ਜਿੱਥੇ ਵੇਖੀ ਸੋਹਣੀ ਸੂਰਤ—
ਮੇਰਾ ਉਸ ਨਾਲ ਸਲਾਮ ਹੋ ਗਯਾ.......।

ਚੜ੍ਹਦੇ ਸੂਰਜ ਦੀ ਧੁੱਪ ਵਰਗਾ—
ਰੋਹ ਸੀ ਮੈਨੂੰ ਇਸ਼ਕੇ ਦਾ,
ਸਿਖ਼ਰ ਦੁਪਹਿਰਾਂ ਜਦ ਕੱਟੀਆਂ—
ਕੋਈ ਢਲਦੀ ਹੋਈ ਸ਼ਾਮ ਹੋ ਗਯਾ.........।

ਪਿਆਰ ਮੁਹੱਬਤ ਵਿਕਦੇ ਨਾ—
ਅਕਸਰ ਮੈਂ ਸੁਣਦਾ ਰਿਹਾ,
ਅੱਜ ਅੱਖੀਂ ਵੇਖ ਲਿਆ—
ਸਾਡਾ ਪਿਆਰ ਨਿਲਾਮ ਹੋ ਗਯਾ...........।

ਕੁੱਝ ਮੇਰੀਆਂ ਵੀ ਚਾਹਤਾਂ ਸਨ—
"ਤਾਰਿਆਂ ਤੋਂ ਪਾਰ" ਜਾਣ ਦੀਆਂ,
'ਵੀਤ' ਜ਼ਿੰਦਗੀ ਬੇ-ਵਫ਼ਾ ਹੋਈ—
ਮੇਰੀ ਕਬਰ ਮੇਰਾ ਮੁਕਾਮ ਹੋ ਗਯਾ........।

## ਇੱਕ ਸਨਮ ਦੀ ਇੱਕ ਕਹਾਣੀ

12 ਅਪ੍ਰੈਲ ਦੀ ਮੈਨੂੰ ਸ਼ਾਮ ਪਿਆਰੀ ਨਹੀਂ ਭੁੱਲਣੀ,
ਦਿੱਤੀ ਮੇਰੇ ਨੈਣਾਂ ਨੂੰ ਤੇਰੀ ਸੌਗਾਤ ਨਿਆਰੀ ਨਹੀਂ ਭੁੱਲਣੀ,
ਸਾਡੇ ਪਿੰਡਾਂ ਤੋਂ ਦੇਸ਼ ਭਗਤ ਕਾਲਜ ਦਾ ਇੱਕ ਰੋਡ ਕੁੜੇ—
ਉਹ ਨਹਿਰ ਕਿਨਾਰੇ ਪਿੰਡ ਵਾਲਾ ਉਹ ਪਹਿਲਾ ਮੋੜ ਕੁੜੇ
ਕੁਐਸਚਨ ਪੇਪਰ ਤੇ ਲਿਖ ਕੇ ਜਿੱਥੇ ਨੰਬਰ ਸੁੱਟ ਗਈ ਸੀ—
ਖੁਸ਼ੀ ਦੇ ਮਾਰੇ ਮੇਰੇ ਦਿਲ ਦੀ ਧੜਕਣ ਰੁੱਕ ਗਈ ਸੀ,

ਯਾਦ ਹੈ ਉਸ ਦਿਨ ਸੂਟ ਤੂੰ ਕਾਲੇ ਰੰਗ ਦਾ ਪਾਇਆ ਸੀ,
ਗੁਲਾਬੀ ਤੇਰੇ ਦੁੱਪਟੇ ਲਈ ਇੱਕ ਗੀਤ ਮੈਂ ਗਾਇਆ ਸੀ
ਅੱਗੇ ਨਵੇਂ ਪਿੰਡ ਦਾ ਜੋ ਫ਼ਾਟਕ ਆਉਂਦਾ ਹੁੰਦਾ ਸੀ—
ਉਹ ਕਦੇ-ਕਦੇ ਬੰਦ ਹੋਇਆ ਸਾਨੂੰ ਮਿਲਾਉਂਦਾ ਹੁੰਦਾ ਸੀ,

ਕਮਰਾ ਨੰਬਰ 203 ਨੀਂ ਪੇਪਰ ਏ ਪੰਜਾਬੀ ਦਾ,
ਵੱਖਰਾ ਸੀ ਉਸ ਦਿਨ ਨਸ਼ਾ ਤੇਰੀ ਅੱਖ ਸ਼ਰਾਬੀ ਦਾ,
26861 ਰੋਲ ਨੰਬਰ ਤੇਰਾ ਹੁਣ ਤੱਕ ਯਾਦ ਕੁੜੇ—
ਮੈਥੋਂ ਤੀਜੀ ਲਾਇਨ ’ਚ ਅੱਗਿਓਂ ਦੋ ਸਟੂਡੈਂਟ ਬਾਦ ਕੁੜੇ,
ਵੇਖ-ਵੇਖ ਕੇ ਤੈਨੂੰ ਸ਼ੀਟਾਂ ਭਰਦਾ ਰਹਿੰਦਾ ਸੀ—
ਚੋਰੀ-ਚੋਰੀ ਕੁਝ ਪੁੱਛਣ ਲਈ ਇਸ਼ਾਰੇ ਕਰਦਾ ਰਹਿੰਦਾ ਸੀ,

ਕਦੇ-ਕਦਾਈ ਹੁੰਦੀ ਸੀ ਤੂੰ ਵੀ ਮੇਰੇ ਵੱਲ ਤੱਕਦੀ ਨੀ,
ਤੈਨੂੰ ਆਪ ਜੇ ਕੁਝ ਅਉਂਦਾ ਮੈਨੂੰ ਤਾਂ ਤੂੰ ਦੱਸਦੀ ਨੀ,
ਚਾਰ ਨੰਬਰ ਕੀ ਮੇਰੇ ਨਾਲੋਂ ਵੱਧ ਆ ਗਏ ਤੈਨੂੰ—
ਇੱਕ ਪਲ ਵਿੱਚ ਤੂੰ ਤਾਂ ਮਨ ਤੋਂ ਲਾਹ ਗਈ ਮੈਨੂੰ,
ਪਤਾ ਨਹੀਂ ਕਿਸੇ ਨੇ ਐਸਾ ਕੀ ਸਿਖਾਇਆ ਤੈਨੂੰ ਨੀਂ,
ਕੀ ਮੇਰੇ ਬਾਰੇ ਪੜ੍ਹਾਇਆ ਕੀ ਘੋਲ ਪਿਲਾਇਆ ਤੈਨੂੰ ਨੀਂ—
ਖੁਸ਼ੀਆਂ ਝੋਲੀ ਵਿੱਚ ਪਾਉਂਦੀ-ਪਾਉਂਦੀ ਹੰਝੂਆਂ ਵਿੱਚ ਰੋੜ ਗਈ
ਉਮਰ ਭਰ ਦਾ ਰਿਸ਼ਤਾ ਜੋੜਦੀ 61 ਦਿਨਾਂ ਵਿੱਚ ਤੋੜ ਗਈ,
ਸਦਾ ਸੁੱਖੀ ਤੂੰ ਜੀਵੇਂ ਮੈਥੋਂ ਦੁਆਵਾਂ ਲੈਜਾ ਨੀ
ਜਾਂਦੀ-ਜਾਂਦੀ ਇੱਕ ਦੋ ਨਾਲ ਸਲਾਹਵਾਂ ਲੈਜਾ ਨੀ,
ਊਚ-ਨੀਚ ਦੇਖ ਕੇ ਕਦੇ ਪਿਆਰ ਕਰੀਦਾ ਨਹੀਂ,

ਪਿਆਰ ਜੇ ਹੋਵੇ ਪਾਕ ਜੱਗ ਤੋਂ ਕਦੇ ਡਰੀਦਾ ਨਹੀਂ,
ਤੇਰੀਆਂ ਸੋਚਾਂ ਤੇਰੇ ਖਿਆਲਾਤ ਮੁਬਾਰਕ ਤੈਨੂੰ ਨੀਂ
ਨਵੇਂ ਸੱਜਣ ਨਵੇਂ ਸਾਕ ਮੁਬਾਰਕ ਤੈਨੂੰ ਨੀਂ,
ਤੂੰ ਮੂੰਹੋਂ ਰੱਟਦੀ ਸੀ ਪਿਆਰ, ਪਿਆਰ ਨਾ ਤੇਰੇ ਦਿਲ ਵਿੱਚ ਸੀ,
ਨਾਂ ਨਾ ਮਾਪਿਆਂ ਦਾ ਲੈਂਦੀ, ਖਾਰ ਤਾਂ ਤੇਰੇ ਦਿਲ ਵਿੱਚ ਸੀ,

ਦਿਨ, ਮਹੀਨੇ, ਤਰੀਕਾਂ ਉਹੀ, ਬੱਸ ਸਾਲ ਬਦਲ ਗਏ ਨੇ,
ਕਾਲਜ ਉਹੀ, ਬੱਸ ਕਲਾਸਾਂ ਤੇ ਸਵਾਲ ਬਦਲ ਗਏ ਨੇ,
ਦਿਸ਼ਾ ਬਦਲ ਗਈ ਜ਼ਿੰਦਗੀ ਦੀ, ਵਕਤ ਬਦਲ ਗਿਆ ਏ—
ਵਕਤ ਦੇ ਨਾਲ ਤੇਰੇ ਕੁੜੀਏ ਖਿਆਲ ਬਦਲ ਗਏ ਨੇ,
ਨਾ ਕੋਈ ਤੈਥੋਂ ਪਹਿਲਾਂ ਨਾ ਕੋਈ ਤੈਥੋਂ ਬਾਦ ਕੁੜੇ—
ਐਵੇਂ ਚੁਗਲਖੋਰਾਂ ਦੇ ਪਿੱਛੇ ਲੱਗ ਹੋ ਗਏ ਬਰਬਾਦ ਕੁੜੇ,

ਕਦੇ ਯਾਦ ਮੇਰੀ ਆਵੇ ਸੂਟ ਕਾਲਾ ਪਾ ਲਵੀਂ ਤੂੰ,
98-ਬਹੱਤਰ-ਬੱਤੀ-ਨੱਬੇ 64 ਨੰਬਰ ਲਾ ਲਵੀਂ ਤੂੰ,
ਉਹੀ ਤੇਰਾ ਪਾਗਲ ਸੁਦਾਈ 'ਸ਼ੀਰਾ' ਬੋਲਣਾ ਏ—
ਬਹੁਤੀ ਦੇਰ ਨਾ ਕਰਦੀਂ ਦਰਦ ਪੁਰਾਣਾ ਫੋਲਣਾ ਏ,
ਨੰਬਰ ਨਹੀਉਂ ਲੱਗਣਾ ਜੇ ਖਿਆਲ ਇਹ ਤੇਰਾ ਏ,
ਤੇਰੇ ਪਿੰਡ ਤੋਂ ਦੋ ਕੁ ਮੀਲ ਚੜ੍ਹਦੇ ਵੱਲ ਪਿੰਡ ਮੇਰਾ ਏ,
ਘਰ ਸਾਡੇ ਦਾ ਨਾ ਕੋਈ ਬਹੁਤਾ ਮੁਸ਼ਕਿਲ ਰਸਤਾ ਏ—
ਪਿੰਡ 'ਬਾਦਸ਼ਾਹਪੁਰ' ਫਿਰਨੀ ਉੱਤੇ ਇਕੋ-ਇੱਕ ਚੁਰੱਸਤਾ ਏ,
'ਦੇਬੀ ਜੀ' ਦੀ ਫ਼ੋਟੋ ਲੱਗੀ ਬਨੇਰੇ ਤੇ ਮਾਰੀ ਧਿਆਨ ਕੁੜੇ
ਬੇ-ਝਿਜਕ ਆ ਜਾਵੀਂ ਉਹੀ ਸਾਡਾ ਮਕਾਨ ਕੁੜੇ,

ਪਰ ਪਤਾ ਹੈ ਵਿਛੜੀ 'ਵੀਤ' ਮੈਨੂੰ ਤੂੰ ਫੇਰ ਨਹੀਂ ਮਿਲਣੀ,
ਮੇਰੇ ਲਈ ਜ਼ਿੰਦਗੀ ਵਿੱਚ ਤੈਨੂੰ ਇੰਨੀ ਵਿਹਲ ਨਹੀਂ ਮਿਲਣੀ.......।

**ਕਮਲ ਦੇ ਉਸ ਫੁੱਲ ਨੂੰ ਜੋ ਖੁਸ਼ਬੂ ਦੇ ਨਾਲ ਨਾਲ**
**ਮੇਰੇ ਲਈ ਬੁੱਕਲ 'ਚ ਕੰਡੇ ਵੀ ਸਾਂਭੀ ਬੈਠਾ ਸੀ**

# ਉਹਦੀ ਯਾਦ ਨੂੰ

ਇਸ ਗਮ ਦੇ ਡੂੰਘੇ ਸਾਗਰ ਵਿੱਚ,
ਮੈਂ ਕਿਉਂ ਤਰਦਾ, ਕਿੰਝ ਤਰਦਾ ਹਾਂ
ਮੈਨੂੰ ਨਹੀਂ ਪਤਾ ਮੈਂ ਕਿਸ ਖ਼ਾਤਰ—
ਨਾ ਜਿਉਂਦਾ ਨਾ ਮਰਦਾ ਹਾਂ......।

ਮੇਰੇ ਗੀਤ ਨੇ ਕਿਹਦੀਆਂ ਯਾਦਾਂ ਲਈ—
ਉਹ ਆਪੇ ਹੈ ਜਾਨੀਜਾਣ ਕੁੜੀ,
ਉਹਦੇ ਖ਼ੁਆਬ ਨੇ ਮੇਰੀਆਂ ਅੱਖੀਆਂ ਵਿੱਚ—
ਮੇਰੇ ਦਿਲ ਦੀ ਜੋ ਮਹਿਮਾਨ ਕੁੜੀ।
ਹਕੀਕਤ ਦਾ ਸੂਰਜ ਚੜ੍ਹ ਨਾ ਜਾਵੇ—
ਮੈਂ ਇਸੇ ਗੱਲ ਤੋਂ ਡਰਦਾ ਹਾਂ........।

ਮੇਰੇ ਗੀਤ ਦੀ ਹਰ ਇੱਕ ਬਹਿਰਾ ਵਿੱਚ—
ਉਸੇ ਦਾ ਦਰਦ ਸਮਾਇਆ ਹੈ,
ਜੀਹਦੇ ਲਈ ਰੋਜ਼ ਮੈਂ ਲਿਖਦਾ ਹਾਂ—
ਉਸੇ ਦਾ ਨਾਮ ਲੁਕਾਇਆ ਹੈ,
ਬੱਸ ਲਿਖਾਂ ਵਫ਼ਾਵਾਂ ਉਸ ਦੀਆਂ—
ਮੈਂ ਇਹੋ ਕੋਸ਼ਿਸ਼ ਕਰਦਾ ਹਾਂ........।

ਮੇਰੇ ਮੁੱਕਦੇ ਜਾਂਦੇ ਸਾਹਾਂ ਲਈ—
ਉਹਦੀਆਂ ਅੱਖੀਆਂ ਵੱਗਦੀਆਂ ਨੇ,
ਹਰ ਵਾਰ ਮਰਨ ਤੋਂ ਬਚ ਜਾਵਾਂ—
'ਮਰਜਾਣੀ' ਦੀਆਂ ਦੁਆਵਾਂ ਲੱਗਦੀਆਂ ਨੇ।
'ਵੀਤ' ਬਿਰਹੋਂ ਖਾ-ਖਾ ਪਲਦਾ ਹਾਂ—
ਹਿਜਰਾਂ ਦੀ ਅੱਗ ਵਿੱਚ ਸੜਦਾ ਹਾਂ.......

ਇਸ ਗ਼ਮ ਦੇ ਡੂੰਘੇ ਸਾਗਰ ਵਿੱਚ,
ਮੈਂ ਕਿਉਂ ਤਰਦਾ, ਕਿੰਝ ਤਰਦਾ ਹਾਂ।
ਮੈਨੂੰ ਨਹੀਂ ਪਤਾ ਮੈਂ ਕਿਸ ਖ਼ਾਤਰ—
ਨਾ ਜਿਉਂਦਾ ਨਾ ਮਰਦਾ ਹਾਂ.........।

## ਹਕੀਕਤ......

ਆਖਦੇ ਨੇ ਯਾਰ ਮੈਂ ਹਾਂ ਵੱਡੇ ਦਿਲ ਦਾ,
ਹਰ ਇੱਕ ਨਾਲ ਮੈਂ ਹੱਸ ਕੇ ਹਾਂ ਮਿਲਦਾ,
ਮੇਰੇ ਇਸ ਦਿਲ ਵਿੱਚ ਲੱਖਾਂ ਹੀ ਪਾਪ ਨੇ—
ਇਸ ਸੱਚਾਈ ਨੂੰ ਉਹ ਨਹੀਓਂ ਜਾਣਦੇ......।

ਹਮਦਰਦੀ ਜੇ ਰੱਖ ਦੁੱਖ ਕਿਸੇ ਦੇ ਵੰਡਾਉਂਦਾ ਹਾਂ,
ਵਿਚੋਂ ਵਿੱਚ ਕਿਸੇ ਦਾ ਮੈਂ ਬੁਰਾ ਵੀ ਤਕਾਉਂਦਾ ਹਾਂ,
ਇਸ ਚਿਹਰੇ ਤੇ ਸਰਾਫ਼ਤ ਦੇ ਝੂਠੇ ਨਕਾਬ ਨੇ—
ਅਸਲੀ ਮੇਰਾ ਰੂਪ ਉਹ ਨਹੀਂ ਪਛਾਣਦੇ।
ਇਸ ਸੱਚਾਈ ਨੂੰ ਉਹ ਨਹੀਓਂ ਜਾਣਦੇ........।

ਈਰਖ਼ਾ ਦੇ ਸਪੋਲੀਏ ਨੇ ਮੈਨੂੰ ਵੀ ਡੰਗਿਆ ਏ,
ਲਾਲਚ ਤੇ ਹਉਮੈਂ ਨੇ ਅਪਣੇ ਰੰਗ ਵਿੱਚ ਰੰਗਿਆ ਏ,
ਮਤਲਬਪ੍ਰਸਤ, ਖ਼ੁਦਗਰਜੀ, ਬੇਈਮਾਨੀ, ਬਦਨੀਤੀ—
ਇਹੋ ਸ਼ਬਦ ਚਾਰ ਹਾਣੀ ਅੱਜ ਮੇਰੀ ਸੋਚ ਹਾਣ ਦੇ।
ਇਸ ਸੱਚਾਈ ਨੂੰ ਲੋਕ ਨਹੀਓਂ ਜਾਣਦੇ....... ।

ਸਬਰ, ਸੰਤੋਖ਼ ਦੇ ਦਿਖਾਵੇ ਬੜੇ ਕਰਦਾ ਹਾਂ,
ਕਿਸੇ ਦੀਆਂ ਸ਼ੁਹਰਤਾਂ ਤੇ ਵਿੱਚੋਂ ਵਿੱਚ ਸੜਦਾ ਹਾਂ,
ਨਿੱਤ ਨਵੇਂ ਢੰਗ ਲੱਭਦਾ ਰਹਿੰਦਾ ਹਾਂ ਮੈਂ—
ਮੁਨਾਫ਼ੇ ਖੱਟ ਦੂਜਿਆਂ ਨੂੰ ਘਾਟੇ ਪਾਣ ਦੇ।
ਇਸ ਸੱਚਾਈ ਨੂੰ ਯਾਰ ਨਹੀਓਂ ਜਾਣਦੇ......।

ਝੂਠ-ਮੂਠ ਲਈ ਰੋਜ਼ ਰੱਬ ਦਾ ਨਾਂ ਲੈਂਦਾ ਹਾਂ,
ਕਾਰਾਂ, ਕੋਠੀਆਂ, ਬਖ਼ਸ਼ਦੇ ਅਰਦਾਸ ਵਿੱਚ ਕਹਿੰਦਾ ਹਾਂ,
ਮੰਗੀ ਨ ਖੁਸ਼ੀ ਕਿਸੇ ਲਈ ਕਦੇ ਹੱਥ ਜੋੜ ਕੇ—
ਅਪਣੇ ਲਈ ਸੁੱਖ ਮੰਗਦਾ ਹਾਂ ਕੁੱਲ ਜਹਾਨ ਦੇ।
ਇਸ ਸੱਚਾਈ ਨੂੰ ਯਾਰ ਨਹੀਓਂ ਜਾਣਦੇ...........।

## ਹੁਣ ਜਦੋਂ ਤੂੰ ਮਿਲੀ.......

ਉਦੋਂ ਤੂੰ ਜਦ ਤੁਰ ਗਈ ਸੀ,
ਮੈਨੂੰ ਗਮ ਕਈ ਹਜ਼ਾਰ ਦੇ ਕੇ,
ਤੇ ਅੱਜ ਜਦ ਮਿਲੀ ਨਜ਼ਰਾਂ 'ਚ—
ਤੂੰ ਕਿੰਨੇ ਹੀ ਸਵਾਲ ਲੈ ਕੇ,
ਉਸ ਦਿਨ ਤੋਂ ਅੱਜ ਤੱਕ ਦਾ ਵਕਤ
ਕਿਵੇਂ ਮੈਂ ਗੁਜ਼ਾਰਿਆ, ਮੈਂ ਹੀ ਜਾਣਦਾ ਹਾਂ।

ਕਿੰਝ ਨਿੱਤ ਮਰਦੇ ਰਹੇ ਮੇਰੇ ਸੁਪਨੇ,
ਸਧਰਾਂ ਨੇ ਕਿੰਝ ਮੁਕਾਣਾਂ ਲਾਹੀਆਂ ਨੇ,
ਦਿਲ ਦੇ ਡੂੰਘੇ ਮਾਰੂਥਲ ਵਿੱਚ—
ਕਿੰਨੀ ਵਾਰ ਹਨੇਰੀਆਂ ਆਈਆਂ ਨੇ,
ਇਸ ਕੱਲੇਪਣ ਵਿੱਚ ਮੈਂ—
ਕਿੰਨੀ ਵਾਰ, ਕਿੰਨਾ-ਕਿੰਨਾ ਉੱਚੀ—
ਨਾਂ ਤੇਰੇ ਨੂੰ ਪੁਕਾਰਿਆ, ਮੈਂ ਹੀ ਜਾਣਦਾ ਹਾਂ।

ਇਸ ਰੋਣੇ ਚਿਹਰੇ 'ਤੇ ਮੁਸਕਰਾਹਟ ਦੇ,
ਝੂਠੇ ਨਕਾਬ ਲੈ ਕੇ ਜਿਉਂਦਾ ਰਿਹਾ,
ਚੜ੍ਹਦੀ ਜਵਾਨੀ ਵਿੱਚ, ਬਦਨਸੀਬ ਮੈਂ—
ਮੋਏ ਖ਼ੁਆਬ ਲੈ ਕੇ ਜਿਉਂਦਾ ਰਿਹਾ,
ਇਸ ਬੇ-ਵਸ ਜ਼ਿੰਦਗੀ ਨੇ—
ਇਸ ਹਿਜਰਾਂ ਦੀ ਅੱਗ ਨੇ,
ਕਿੱਥੋਂ ਤੱਕ ਮੈਨੂੰ ਸਾੜਿਆ, ਮੈਂ ਹੀ ਜਾਣਦਾ ਹਾਂ।

"ਤਾਰਿਆਂ ਤੋਂ ਪਾਰ" ਦੀਆਂ ਸੋਚਾਂ ਮੇਰੀਆਂ ਨੂੰ,
ਕਿੰਝ ਤੇਰੇ ਹਿਜਰਾਂ ਨੇ ਖ਼ਾ ਲਿਆ,
ਬਿਰਹੋਂ ਤੇਰੇ ਨੂੰ ਸਮਝ ਕੇ ਦੂਜਾ ਰੂਪ ਤੇਰਾ—
'ਵੀਤ' ਹੱਸ-ਹੱਸ ਗਲ ਨਾਲ ਲਾ ਲਿਆ,
ਮੌਤ ਰਾਣੀ ਨਾਲ ਲਾਵਾਂ ਲੈਣ ਲਈ—
ਕਿੰਝ ਵੱਟਣੇ ਮਲ-ਮਲ ਕੇ,
ਮੈਂ ਅਪਣੇ ਆਪ ਨੂੰ ਸ਼ਿੰਗਾਰਿਆ,
ਮੈਂ ਹੀ ਜਾਣਦਾ ਹਾਂ..........।

# ਇੱਕ ਕਵਿਤਾ

ਦਿਲ ਕਰਦਾ ਕੋਈ ਕਵਿਤਾ ਲਿਖੀਏ,
ਜਿਹਦੇ ਵਿੱਚ 'ਰਾਣੀ' ਦਾ ਜਿਕਰ ਹੋਵੇ,
ਰੱਬ ਕਰਕੇ ਉਹੀ ਹਰਫ਼ ਚੇਤੇ ਆਉਣ—
ਜਿਨ੍ਹਾਂ ਵਿੱਚ ਉਹਨੂੰ ਮੇਰਾ ਫ਼ਿਕਰ ਹੋਵੇ।

ਕੋਈ ਕਵਿਤਾ ਲਿਖਣ ਦੀ ਕੋਸ਼ਿਸ਼ ਕਰੀ,
'ਰਾਣੀ ਮਰਜਾਣੀ' ਦੇ ਜ਼ਖਮ ਉਚੇੜਨ ਵਾਲੀ,
ਕੋਈ ਕਵਿਤਾ ਲਿਖਣ ਦੀ ਕੋਸ਼ਿਸ਼ ਕਰੀ—
ਬੀਤੇ ਵੇਲੇ ਦੀਆਂ ਗੱਲਾਂ ਛੇੜਨ ਵਾਲੀ......।

ਕਵਿਤਾ ਵਿੱਚ ਉਹਦੇ ਨਾਂ ਦਾ ਜਿਕਰ ਹੋਵੇ,
ਕਿਸੇ ਚਾਹੁੰਣ ਵਾਲੇ ਦਾ ਫ਼ਿਕਰ ਹੋਵੇ,
ਬੁੱਕਾਂ ਭਰ-ਭਰ ਪਾਣੀ ਲਿਆਉਣ ਵਾਲੀ—
ਨੈਣਾਂ ਵਾਲੇ ਖੂਹਾਂ ਨੂੰ ਗੇੜਨ ਵਾਲੀ........।
ਕੋਈ ਕਵਿਤਾ ਲਿਖਣ ਦੀ ਕੋਸ਼ਿਸ਼ ਕਰੀ.........।

ਹਰਫ਼ ਹੋਣ ਸੋਹਣੇ ਉਹਦੇ ਨਾਂ ਵਰਗੇ,
ਗਜਰਾ ਪਾ ਕੇ ਸੱਜਦੀ ਬਾਂਹ ਵਰਗੇ,
ਮਹਿੰਦੀ, ਟਿੱਕੇ, ਬਿੰਦੀਆਂ ਸਜਾਉਣ ਵਾਲੀ—
ਡੋਲੀ ਬਹਿ ਕੇ ਨਜ਼ਰਾਂ ਫੇਰਨ ਵਾਲੀ...... ।
ਕੋਈ ਕਵਿਤਾ ਲਿਖਣ ਦੀ ਕੋਸ਼ਿਸ਼ ਕਰੀ......।

ਸਾਦਗੀ ਨਾਲ ਭਰੀ 'ਰਾਣੀ' ਦੇ ਵਰਗੀ,
ਕਿਸੇ ਅਣਸੁਣੀ, ਅਣਕਹੀ ਕਹਾਣੀ ਦੇ ਵਰਗੀ,
'ਸੁੱਖੀ' ਸੁੱਤੇ ਅਰਮਾਨਾਂ ਨੂੰ ਜਗਾਉਣ ਵਾਲੀ—
ਹੋਵੇ ਦਿਲ ਦੇ ਸ਼ੀਸ਼ੇ ਤੋੜਨ ਵਾਲੀ.......।
ਕੋਈ ਕਵਿਤਾ ਲਿਖਣ ਦੀ ਕੋਸ਼ਿਸ਼ ਕਰੀ.......।

## ਤੇਰੇ ਜਾਣ ਤੋਂ ਪਿੱਛੋਂ.........

ਤੇਰੇ ਜਾਣ ਤੋਂ ਪਿੱਛੋਂ ਸੂਰਤ ਭੋਲੀ-ਭਾਲੀ ਨੂੰ,
ਮੈਂ ਬੋਤਲ 'ਚੋਂ ਪੈੱਗ ਪਾਉਂਦਾ-ਪਾਉਂਦਾ ਤੱਕਦਾ ਰਹਿੰਦਾ ਹਾਂ,
ਅੱਖੀਆਂ ਦੀ ਖ਼ਾਮੋਸੀ 'ਤੇ ਬੁੱਲੀਆਂ ਦੀ ਲਾਲੀ ਨੂੰ—
ਮੈਂ ਬੋਤਲ 'ਚੋਂ ਪੈੱਗ ਪਾਉਂਦਾ-ਪਾਉਂਦਾ ਤੱਕਦਾ ਰਹਿੰਦਾ ਹਾਂ।
ਤੇਰੇ ਜਾਣ ਤੋਂ ਪਿੱਛੋਂ...........।

ਛੁੱਟੀ ਹੋਈ ਵੱਖ ਹੋਣ ਦਾ ਟਾਈਮ ਜੋ ਆਉਂਦਾ ਸੀ,
ਤੇਰਾ ਪਤਾ ਨਹੀਂ ਸਾਨੂੰ 'ਮਨੂ' ਬੜਾ ਰਵਾਉਂਦਾ ਸੀ,
ਭਾਵੇਂ ਉਮੀਦ ਸੀ ਹੁੰਦੀ ਅਗਲੇ ਦਿਨ ਮਿਲਣੇ ਦੀ—
ਦਿਲ ਚੰਦਰਾ ਫਿਰ ਵੀ ਨ ਵੱਖ ਹੋਣਾ ਚਾਹੁੰਦਾ ਸੀ,
ਕਿੰਨੇ ਪਲ ਤੇ ਕਿੰਨੇ ਘੰਟੇ ਬਾਕੀ ਰਹਿ ਗਏ ਨੇ—
ਮੈਂ ਇੱਕ-ਇੱਕ ਕਰਕੇ ਕਾਗਜ਼ਾਂ ਉੱਤੋਂ ਕੱਟਦਾ ਰਹਿੰਦਾ ਸਾਂ।
ਅੱਖੀਆਂ ਦੀ ਖਾਮੋਸ਼ੀ 'ਤੇ ਬੁੱਲੀਆਂ ਦੀ ਲਾਲੀ ਨੂੰ.........।

ਹੋਈ ਰਸੈਸ ਇਕੱਠੇ ਹੋ ਕੰਟੀਨ ਤੇ ਜਾ ਬਹਿਣਾ,
ਕੋਕ, ਪੈਪਸੀ, ਲਿਮਕਾ ਜਾਂ ਫੇਰ ਫ਼ੈਂਟਾ ਲੈ ਲੈਣਾ,
ਕਿਸੇ ਨੇ ਨ ਕੁੱਝ ਖਾਣਾ ਨ ਖੁਆਉਣਾ ਹੁੰਦਾ ਸੀ—
ਇਕੱਠਿਆਂ ਬੈਠ ਕੇ ਵਾਧੂ ਟਾਈਮ ਲੰਘਾਉਣਾ ਹੁੰਦਾ ਸੀ,
ਚਾਹ ਗਰਮ ਹੈ ਹੌਲੀ ਘੁੱਟਾਂ ਭਰਦੇ ਹੁੰਦੇ ਸੀ—
ਜੇਬ ਖ਼ਰਚ ਦੇ ਕੋਲੋਂ ਵੀ ਤਾਂ ਡਰਦੇ ਹੁੰਦੇ ਸੀ,
ਗੁਜ਼ਰੀਆਂ ਉਹ ਕਹਾਣੀਆਂ ਜੋ ਯਾਦਾਂ ਬਣ ਚੱਲੀਆਂ ਨੇ—
ਉਨ੍ਹਾਂ ਦੇ ਫੁੱਲ ਸਾਂਭ-ਸਾਂਭ ਕੇ ਰੱਖਦਾ ਰਹਿੰਦਾ ਹਾਂ।
ਅੱਖੀਆਂ ਦੀ ਖਾਮੋਸ਼ੀ 'ਤੇ ਬੁੱਲ੍ਹੀਆਂ ਦੀ ਲਾਲੀ ਨੂੰ.........।

ਇੱਕ ਤੇਰੇ ਬਿਨ ਰਸਤੇ ਉਹ ਵਿਰਾਨ ਜਿਹੇ ਲੱਗਦੇ,
ਗੂੜ੍ਹੀਆਂ ਰੌਣਕਾਂ ਹੁੰਦੇ ਵੀ ਸੁੰਨਸਾਨ ਜਿਹੇ ਲੱਗਦੇ,
ਮੁੱਦਤਾਂ ਹੋਈਆਂ ਤੂੰ ਕਦੇ ਨਾ ਮੁੜ ਕੇ ਤੱਕਿਆ ਏ—
ਪਰ ਦਿਲ ਦੇ ਇੱਕ ਕੋਨੇ ਵਿੱਚ ਜ਼ਰੂਰ ਮੈਂ ਰੱਖਿਆ ਏ,

ਜਿੱਥੇ ਤੇਰੇ ਪੈਰਾਂ ਥੱਲੇ ਕਦੇ ਹੱਥ ਵਿਛਾਏ ਸੀ—
ਕੰਡੇ ਚੁਗ-ਚੁਗ ਜਿਨ੍ਹਾਂ ਤੋਂ ਸੀਨੇ ਨਾਲ ਲਾਏ ਸੀ,
ਜਾਣਦਾ ਹਾਂ ਕਿ ਤੂੰ ਕਦੇ ਵੀ ਮੁੜ ਕੇ ਆਉਣਾ ਨਹੀਂ—
ਤਾਂ ਵੀ ਉਹਨਾਂ ਰਾਹਾਂ ਦੀ ਧੂੜ ਮੈਂ ਫ਼ੱਕਦਾ ਰਹਿੰਦਾ ਹਾਂ।
ਅੱਖੀਆਂ ਦੀ ਖ਼ਾਮੋਸ਼ੀ ’ਤੇ ਬੁੱਲੀਆਂ ਦੀ ਲਾਲੀ ਨੂੰ........।

ਅੱਜ ਵੀ ਉਹ ਕਾਲਜ ਵਿੱਚ ਕੋਈ ਪੜ੍ਹਦਾ ਹੋਵੇਗਾ,
ਸਾਡੇ ਵਾਂਗ ਹੀ ਮੌਜ ਮਸਤੀਆਂ ਕਰਦਾ ਹੋਵੇਗਾ,
ਸਾਡੇ ਲਈ ਤਾਂ ਉਹੀ ਚਾਰ ਦਿਨ ਸਾਡੇ ਅਪਣੇ ਸੀ—
ਜਿਨ੍ਹਾਂ ਦੇ ਵਿੱਚ ਜ਼ਿੰਦਗੀ ਦੇ ਕਈ ਸਿਰਜੇ ਸਪਨੇ ਸੀ,
ਕਾਮਯਾਬੀ ਨੂੰ ਕਈਆਂ ਨੇ ਗਲ ਲਾ ਲਿਆ ਹੋਵੇਗਾ—
ਕਿਸੇ ਨੇ ‘ਸੁੱਖੀ’ ਵਾਂਗੂੰ ਮਨ ਸਮਝਾ ਲਿਆ ਹੋਵੇਗਾ,
‘ਸ਼ੀਰੇ’ ਨੇ ਜੋ ਲਿਖਿਆ, ਲਿਖਿਆ ਚੇਤੇ ਕਰ ਤੈਨੂੰ—
ਮੁਆਫ਼ ਕਰੀ ਤੇਰੇ ਨਾਮ ਲਿਖਣ ਤੋਂ ਜੱਕਦਾ ਰਹਿੰਦਾ ਹਾਂ।
ਅੱਖੀਆਂ ਦੀ ਖਾਮੋਸ਼ੀ ’ਤੇ ਬੁੱਲੀਆਂ ਦੀ ਲਾਲੀ ਨੂੰ.........।

ਉਨ੍ਹਾਂ ਦਿਨਾਂ ਵਿੱਚ ਤੂੰ ਵੀ ਬੜਾ ਸਤਾਉਂਦੀ ਹੁੰਦੀ ਸੀ,
ਨਿੱਕੀ ਜਿੰਨੀ ਗੱਲ ਤੇ ਕਿੰਞ ਤਰਸਾਉਂਦੀ ਹੁੰਦੀ ਸੀ,
ਗੋਰੀਆਂ ਤਲੀਆਂ ਤੇ ਮਹਿੰਦੀ ਨਾਲ ‘ਦੇਬੀ’ ਲਿਖ-ਲਿਖ ਕੇ—
ਹਾਣਦੀਆਂ ਕੁੜੀਆਂ ਨੂੰ ਰੋਜ਼ ਦਿਖਾਉਂਦੀ ਹੁੰਦੀ ਸੀ,
ਹਾਲੇ ਤੱਕ ‘ਬਾਦਸ਼ਾਹਪੁਰੀ’ ਨੂੰ ਤਾਂ ਭੁੱਲਿਆ ਨਹੀਂ—
ਤੂੰ ਵੀ ਨ ਭੁੱਲਣ ਦੀਆਂ ਕਸਮਾਂ ਪਾਉਂਦੀ ਹੁੰਦੀ ਸੀ,
ਤੇਰੇ ਬੁੱਲ੍ਹਾਂ ਨੂੰ ਨਾਮ ਮੇਰਾ ਹੁਣ ਯਾਦ ਵੀ ਹੈ ਕਿ ਨਹੀਂ—
ਮੈਂ ਦਿਨ ਵਿੱਚ ਕਿੰਨੀ ਵਾਰ ਤੇਰਾ ਨਾਂ ਰੱਟਦਾ ਰਹਿੰਦਾ ਹਾਂ।

ਤੇਰੇ ਜਾਣ ਤੋਂ ਪਿੱਛੋਂ ਸੂਰਤ ਭੋਲੀ-ਭਾਲੀ ਨੂੰ,
ਮੈਂ ਬੋਤਲ ’ਚੋਂ ਪੈੱਗ ਪਾਉਂਦਾ-ਪਾਉਂਦਾ ਤੱਕਦਾ ਰਹਿੰਦਾ ਹਾਂ,
ਅੱਖੀਆਂ ਦੀ ਖ਼ਾਮੋਸ਼ੀ ’ਤੇ ਬੁੱਲ੍ਹੀਆਂ ਦੀ ਲਾਲੀ ਨੂੰ—
ਮੈਂ ਬੋਤਲ ’ਚੋਂ ਪੈੱਗ ਪਾਉਂਦਾ-ਪਾਉਂਦਾ ਤੱਕਦਾ ਰਹਿੰਦਾ ਹਾਂ।
ਤੇਰੇ ਜਾਣ ਤੋਂ ਪਿੱਛੋਂ...........।

## ਸੁਪਨਾ........

ਇਸ ਦਰਦ ਕੁਆਰੇ ਨੇ,
ਜੋ ਮੈਨੂੰ ਮੀਤ ਬਣਾਇਆ ਏ।
ਰਾਹ ਜਾਂਦੇ ਨਹੀਂ ਲੱਭਿਆ—
ਮੈਂ ਇਸ਼ਕ ਕਮਾਇਆ ਏ।

ਤਾਰੇ ਗਿਣ-ਗਿਣ ਕੇ ਕੱਟਿਆ,
ਮੈਂ ਕਿੰਨੀ ਰਾਤਾਂ ਨੂੰ,
ਕਿੰਝ ਬਿਨਾਂ ਹੁੰਗਾਰੇ ਤੋਂ—
ਮੈਂ ਪਾਉਂਦਾ ਰਿਹਾ ਬਾਤਾਂ ਨੂੰ,
ਕਿੰਨਾ ਵਕਤ ਤੇ ਪੈਸਾ ਮੈਂ—
ਕੁੜੀਆਂ ਲਈ ਗਵਾਇਆ ਏ।
ਫਿਰ ਕਿਤੇ ਜਾ ਕੇ—
ਇਸ ਨੇ ਗਲ ਲਾਇਆ ਏ।

ਦਿਲ ਦੇ ਜਜ਼ਬਾਤਾਂ ਦੀ,
ਹੱਥੀਂ ਚਿਖਾ ਜਲਾਈ ਮੈਂ,
ਸਧਰਾਂ ਤੇ ਰੀਝਾਂ ਦੀ—
ਮੁਕਾਣ ਬੁਲਾਈ ਮੈਂ,
ਮੇਰੇ ਹਉਕੇ ਹਾਵਾਂ ਨੇ—
ਬੜਾ ਸੋਗ ਮਨਾਇਆ ਏ।
ਫਿਰ ਕਿਤੇ ਜਾ ਕੇ—
ਇਸ ਨੇ ਗਲ ਲਾਇਆ ਏ।

ਇਨ੍ਹਾਂ ਸੋਹਣੀਆਂ ਸ਼ਕਲਾਂ ਦੇ,
ਕਿੰਨੇ ਨਖਰੇ ਸਹਿੰਦਾ ਰਿਹਾ,
ਕੰਡਿਆਂ ਦੀਆਂ ਟਾਹਣੀਆਂ ਨੂੰ—

ਫੁੱਲ ਗੁਲਾਬ ਦੇ ਕਹਿੰਦਾ ਰਿਹਾ,
ਕਿੰਨੇ ਝੂਠ ਮੈਂ ਬੋਲੇ ਨੇ—
ਕਿੰਨਾ ਸੱਚ ਛੁਪਾਇਆ ਏ।
ਫਿਰ ਕਿਤੇ ਜਾ ਕੇ—
ਇਸ ਨੇ ਗਲ ਲਾਇਆ ਏ।

ਕਿੰਨੀ ਸ਼ਰਾਬ ਮੈਂ ਪੀਤੀ ਏ,
ਕਿੰਨਾ ਸ਼ਰਾਬ ਮੈਨੂੰ ਪੀਤਾ,
ਕਿਸਦੇ ਲਈ ਕਿਸ ਵੇਲੇ—
ਮੈਂ ਕੀ-ਕੀ ਖ਼ਰਾਬ ਕੀਤਾ,
ਕੀ ਬੋਲ ਸੁਣੇ ਨੇ ਮੈਂ—
ਕੀ ਹਾਲ ਬਣਾਇਆ ਏ।
ਫਿਰ ਕਿਤੇ ਜਾ ਕੇ—
ਇਸ ਨੇ ਗਲ ਲਾਇਆ ਏ।

ਵਿੱਚ ਕਾਲੀਆਂ ਰਾਤਾਂ ਦੇ,
ਪਰਛਾਵੇਂ ਫੜਦਾ ਰਿਹਾ,
ਚੜ੍ਹ ਹਿਜਰ ਦੀ ਸੂਲੀ 'ਤੇ—
ਖ਼ੁਦਕੁਸ਼ੀਆਂ ਕਰਦਾ ਰਿਹਾ,
'ਵੀਤ' ਕਿਸਮਤ ਤੇ ਦੁਨੀਆਂ ਨੇ—
ਮੈਨੂੰ ਕਿੰਨਾ ਰਵਾਇਆ ਏ।
ਫਿਰ ਕਿਤੇ ਜਾ ਕੇ—
ਇਸ ਨੇ ਗਲ ਲਾਇਆ ਏ।
ਇਸ ਦਰਦ ਕੁਆਰੇ ਨੇ,
ਜੋ ਮੈਨੂੰ ਮੀਤ ਬਣਾਇਆ ਏ।

## ਮਾਏ ਨੀ ਮਾਏ......

ਮਾਏ ਨੀ ਮਾਏ ਇੱਕ ਗੀਤ ਹਿਜਰ ਦਾ,
ਤੇਰੇ ਵਿਹੜੇ ਗਾ ਅਸੀਂ ਤੁਰ ਜਾਣਾ,
ਇਸ਼ਕ ਕਿਸੇ ਦੇ ਵਿੱਚ ਜੋਬਨ ਰੁੱਤੇ—
ਭਰੇ-ਭਰਾਏ ਮੁੜ ਜਾਣਾ—
ਮਾਏ ਨੀ ਮਾਏ.........

ਗੀਤ ਵਿੱਚ ਗਾਵਾਂਗਾ ਮਾਏ ਮੈਂ,
ਉਸਦੀ ਪਿਆਰ ਕਹਾਣੀ,
ਸਾਹਾਂ ਤੋਂ ਪਿਆਰੀ ਲੱਗਦੀ ਸੀ ਕਿਉਂ—
ਪਤਾ ਨਹੀਂ ਉਹ ਮਰਜਾਣੀ,
ਕੀ ਪਤਾ ਕੀ ਸਭ ਪਾ ਕੇ ਵੀ—
ਕੁਝ ਨ ਕੁਝ ਮੇਰਾ ਥੁੜ੍ਹ ਜਾਣਾ।
ਮਾਏ ਨੀ ਮਾਏ..........

ਅਪਣਾ ਹੀ ਵਜੂਦ ਮੈਨੂੰ ਤਾਂ,
ਹਾਲੇ ਤੱਕ ਨਜ਼ਰੀਂ ਨ ਆਵੇ,
ਅੱਧੀ ਰਾਤ ਕਬਰਾਂ ਵਿੱਚੋਂ—
ਕੋਈ ਉੱਠ-ਉੱਠ ਮੈਨੂੰ ਪਿਆ ਬੁਲਾਵੇ,
ਸੁਰ ਉਹਦੀ ਵਿੱਚ ਦਰਦ ਹੈ ਡਾਹਢਾ—
ਸੁਣ ਕੇ ਅਸੀਂ ਨੇ ਝੁਰ ਜਾਣਾ।
ਮਾਏ ਨੀ ਮਾਏ...........

'ਸ਼ਿਵ ਕੁਮਾਰ' ਦੀ ਕਲਮ ਦਾ ਲਿਖਿਆ,
ਹਰਫ਼ ਕੋਈ ਸੀ ਬਣਨਾ ਸੀ ਚਾਹਿਆ,
ਇਹੋ ਸਾਥੋਂ ਹੋਈ ਗੁਨਾਮੀ—
ਇਹੋ ਅਸਾਂ ਨੇ ਪਾਪ ਕਮਾਇਆ,

ਹਉਂਕਾ ਬਣ ਅਸੀਂ ਖਤਮ ਹੋ ਜਾਣਾ—
ਹੰਝੂ ਬਣ ਕੇ ਖੁਰ ਜਾਣਾ!
ਮਾਏ ਨੀ ਮਾਏ ਇੱਕ ਗੀਤ ਹਿਜਰ ਦਾ,
ਤੇਰੇ ਵਿਹੜੇ ਗਾ ਅਸੀਂ ਤੁਰ ਜਾਣਾ।
ਹਿਜਰ ਕਿਸੇ ਦੇ ਵਿੱਚ ਜੋਬਨ ਰੁੱਤੇ—
ਭਰੇ ਭਰਾਏ ਮੁੜ ਜਾਣਾ।

## ਸੂਰਜ ਦਾ ਪ੍ਰਛਾਵਾਂ

ਨ ਮੈਨੂੰ ਮੇਰੀ ਹੋਂਦ ਮਿਲੀ ਕੋਈ,
ਨ ਕੋਈ ਮੇਰਾ ਸਿਰਨਾਵਾਂ,
ਮੈਂ ਅੰਬਰ ਦਾ ਤਾਰਾ ਕੋਈ—
ਖ਼ਬਰੇ ਕਦ ਟੁੱਟ ਜਾਵਾਂ।

ਨਿੱਤ ਮਰਦੇ ਨੇ ਸੁਪਨੇ ਮੇਰੇ,
ਨਿਕਲਣ ਦਿਲ 'ਚੋਂ ਹਾਵਾਂ,
ਨਿੱਤ ਚੜ੍ਹਦੇ ਦਿਨ ਸੂਲੀ ਲਟਕਣ—
ਮੇਰੇ ਦਿਲ ਦੀਆਂ ਚਾਹਵਾਂ।

ਹਿਜਰਾਂ ਵਿੱਚ ਰੋ-ਰੋ ਮਰ ਜਾਣਾ,
ਇੰਨਾ ਨਹੀਂ ਕੰਮ ਸੁਖਾਵਾਂ,
ਜ਼ਿੰਦਗੀ ਸਾਡੀ ਲਈ ਕੋਈ ਮਰਜਾਣੀ—
ਕਿਤੇ ਮੰਗਦੀ ਪਈ ਦੁਆਵਾਂ।

ਚੜ੍ਹਦੀ ਜਵਾਨੀ ਖਾ ਲਈ ਮੇਰੀ,
ਇਸ਼ਕ ਤੇਰੇ ਦੀਆਂ ਰਾਹਵਾਂ,
ਸਿਖ਼ਰ ਦੁਪਹਿਰਾਂ ਸਿਰ 'ਤੇ ਕੱਟੀਆਂ—
ਨਾ ਡਿੱਠੀਆਂ ਮੈਂ ਛਾਵਾਂ।

ਬਾਕੀ ਰਹਿੰਦੀ ਉਮਰਾਂ ਵਿੱਚ ਮੈਂ,
ਪਿਆਰ ਉਸੇ ਦਾ ਗਾਵਾਂ,
ਮੇਰੇ ਗੀਤਾਂ ਦੀ ਰਾਣੀ ਮਰ ਗਈ—
ਮੈਂ ਕਿੰਝ ਕੋਈ ਗੀਤ ਬਣਾਵਾਂ।

ਅਪਣੇ ਆਪ ਨੂੰ ਕੀ ਸਮਝਾਂ ਮੈਂ,
ਕਿਹੜੇ ਨਾਂ ਦੇ ਨਾਲ ਬੁਲਾਵਾਂ,
ਮੈਂ ਢਲਦੇ ਸੂਰਜ ਦਾ ਪੈਂਦਾ—
ਧਰਤੀ ਤੇ ਪਰਛਾਵਾਂ।

ਹਿਜਰ ਤੇਰੇ ਹੱਥੋਂ ਜ਼ਿੰਦਗੀ ਅਪਣੀ ਦਾ,
ਮੈਂ ਕੰਨਿਆਂ-ਦਾਨ ਕਰਾਵਾਂ,
ਮੌਤ ਰਾਣੀ ਖ਼ਬਰੇ ਕਦ—
ਸਾਡੇ ਨਾਲ ਲਊਗੀ ਲਾਵਾਂ।

ਮੈਂ ਪਿੱਪਲ ਦਾ ਸੁੱਕਿਆ ਪੱਤਾ,
ਖਬਰੇ ਕਦ ਝੜ ਜਾਵਾਂ,
ਨੀਲੀ ਉਹਦੀ ਅੱਖ ਦਾ ਅੱਥਰੂ—
ਖ਼ਬਰੇ ਕਦ ਵਰ੍ਹ ਜਾਵਾਂ।

ਕੱਚੇ ਤਾਂ ਟੁੱਟ ਹੀ ਜਾਂਦੇ ਨੇ,
ਕਿੰਝ ਸੋਹਣੀ ਨੂੰ ਪਾਰ ਲੰਘਾਵਾਂ,
ਦਿਲ ਤਾਂ ਕਰੇ ਤਪਦਾ ਮਾਰੂਥਲ ਬਣ ਕੇ—
ਸੱਸੀ ਦਾ ਪਿਆਰ ਮਿਲਾਵਾਂ।

ਛੱਡ ਦਿਲਾ ਦੱਸ ਕਿਸ ਲਈ ਰੋਵੇਂ,
ਕੌਣ ਤੇਰਾ ਜੋ ਮੋਇਆ,
ਉਸੇ ਰੱਬ ਨੇ ਬਖਸ਼ ਕੀਤੀ ਸੀ—
ਅੱਜ ਉਸੇ ਰੱਬ ਨੇ ਖੋਹਿਆ।

ਅੱਖੀਆਂ ਵਿੱਚੋਂ ਨੀਰ ਪਿਆ ਵੱਗਦਾ,
'ਵੀਤ' ਲੁੱਕਦਾ ਨਹੀਂ ਲੁਕੋਇਆ,
ਅਸੀਂ ਪੰਛੀਆਂ ਨਾਲ ਵੀ ਰੋਏ—
ਅਸੀਂ ਮਰੇ ਕੋਈ ਨਾ ਰੋਇਆ।

## ਬੇਵੱਸੀ

ਅੱਜ ਦੀ ਸਵੇਰ ਦਾ ਦਿਹੁੰ ਜਦ ਚੜ੍ਹਿਆ,
ਹਰਫ਼ਾਂ ਦੀ ਸੂਲ਼ੀ ਚੜ੍ਹ ਗੀਤ ਮੇਰਾ ਮਰਿਆ,
ਬਲਦੇ ਸਿਵੇ ਦੀ ਰਾਖ ਠੰਢੀ ਹੋ ਗਈ—
ਪਾਕ ਮੁਹੱਬਤ ਮੇਰੀ ਦੀ ਗਜ਼ਲ ਰੰਡੀ ਹੋ ਗਈ।

ਇਹੀਓ ਉਹ ਗੀਤ ਸੀ ਅਕਸਰ ਮੈਂ—
ਜੋ ਉਡੀਕ ਤੇਰੀ ਵਿੱਚ ਗਾਉਂਦਾ ਰਿਹਾ,
ਹੋਰਾਂ ਵਾਂਗੂੰ ਇਸ ਵਿੱਚ ਵੀ ਹਰਫ਼—
ਤੇਰੇ ਨਾਂ ਜਿੰਨੇ ਸੋਹਣੇ ਪਾਉਂਦਾ ਰਿਹਾ
ਮੈਂ ਬੇ-ਸ਼ਰਮ ਹਾਲੇ ਤੱਕ ਜਿਉਂਦਾ ਬੈਠਾ—
ਇੱਕ-ਇੱਕ ਕਰ ਕੇ ਗੀਤ ਮਰਦੇ ਜਾਂਦੇ ਨੇ,
ਮੇਰੇ ਲਈ ਦੁਆਵਾਂ ਕਰਦੇ ਜਾਂਦੇ ਨੇ।
ਅਪਣੇ ਪੁੱਤਾਂ ਵਰਗੇ ਗੀਤਾਂ ਦੀ ਅਰਥੀ—
ਕਿੰਝ ਮੈਂ ਮੋਢੇ ਉੱਤੇ ਉਠਾਵਾਂ,
ਅਪਣੇ ਹੱਥੀਂ ਚਿਖ਼ਾ ਨੂੰ ਅਗਨ ਲਗਾਵਾਂ।

ਜਿਉਂ ਹਰ ਮਾਂ ਨੂੰ ਪੁੱਤ ਪਿਆਰੇ ਨੇ—
ਮੇਰਾ ਗੀਤ ਵੀ ਮੈਨੂੰ ਪਿਆਰਾ ਸੀ,
ਮੇਰੀ ਅੱਖ ਦਾ ਇੱਕ ਤਾਰਾ ਸੀ—
ਮੇਰੇ ਜੀਣ ਦਾ ਇੱਕ ਸਹਾਰਾ ਸੀ,
ਹੁਣ ਕੀ ਹੋਣਾ ਹੁਣ ਕੀ ਬਣਨਾ—
ਨਿੱਤ ਮਨ ਨੂੰ ਸਮਝਾਵਾਂ ਮੈਂ,
ਧਾਹਾਂ ਮਾਰ ਕੀਰਨੇ ਪਾਵਾਂ ਮੈਂ।
ਇਹ ਹਰਫ਼ ਵਿਹੂਣੇ ਕਾਗਜ਼ ਚਿੱਟੇ—
ਮੈਨੂੰ ਕਫ਼ਨਾਂ ਵਰਗੇ ਜਾਪਦੇ ਨੇ,
ਮੇਰੀ ਮੌਤ ਦਾ ਰਾਗ ਅਲਾਪਦੇ ਨੇ।

ਐ ਰੱਬ ਮੇਰੇ ਗੀਤ ਤੋਂ ਪਹਿਲਾਂ—
ਮੇਰਾ ਹੀ ਸਾਹ ਰੁੱਕ ਜਾਵੇ,
ਨ ਕਿਸੇ ਲਿਖਣਾ ਨ ਕਿਸੇ ਗਾਉਣਾ—
ਇਹ ਯੱਭ ਹੀ ਸਾਰਾ ਮੁੱਕ ਜਾਵੇ,
ਇੱਕ ਤਾਂ ਭੈੜੀ ਰੁੱਤ ਹਿਜਰ ਦੀ—
ਉੱਤੋਂ ਉਮਰਾਂ ਦੀ ਸਿਖਰ ਦੁਪਹਿਰ ਹੋਈ,
ਨ ਮੰਗਦਾ ਸਾਡੀ ਖ਼ੈਰ ਕੋਈ।
ਮਰ-ਮਰ ਕੇ ਦੀਦਾਰ ਉਹਦੇ ਲਈ—
ਮੈਂ ਹੋਰ ਕਿੰਨਾ ਚਿਰ ਜੀਵਾਂਗਾ,
ਇਹ ਅਸ਼ਕ ਅੱਖਾਂ ਦੇ ਪੀਵਾਂਗਾ।

ਜੀਹਦੇ ਲਈ ਹੁਣ ਤੱਕ ਲਿਖਦਾ ਰਿਹਾ—
ਨਾਂ ਉਸੇ ਦਾ ਨ ਕਦੇ ਪਾਇਆ ਏ,
ਉਹਦੇ ਤੱਕ ਪਹੁੰਚੇ ਨੇ ਜਾਂ ਨਹੀਂ—
ਉਸ ਕਬੂਲ ਕਰੇ ਨੇ ਜਾਂ ਨਹੀਂ,
ਉਹਦਾ ਪੈਗਾਮ ਕਦੇ ਨ ਆਇਆ ਏ।
ਜਦ ਵੀ ਮੇਰਾ ਗੀਤ ਕੋਈ ਮਰਦਾ—
ਮਨ ਉਸੇ ਬਾਰੇ ਸੋਚਦਾ ਏ,
ਦੀਦਾਰ ਉਸ ਕੁੜੀ ਦਾ ਲੋਚਦਾ ਏ।
ਜੇ ਕਿਤੇ ਸੁਣਦੀ ਪੜ੍ਹਦੀ ਹੋਵੇ—
ਇੱਕ ਵਾਰੀ ਆ ਕੇ ਮਿਲ ਜਾਵੇ,
ਮੇਰੇ ਗੀਤਾਂ ਦੀ ਭਟਕਣ ਮੁਕਾਵੇ,
'ਵੀਤ' ਨੈਣਾਂ ਦੀ ਪਿਆਸ ਬੁਝਾਵੇ।

## ਜ਼ਿੰਦਗੀ ਦਾ ਗੀਤ

ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ,
ਤੁਰ ਗਏ ਦਿਲ ਮੇਰੇ ਦੇ ਮੀਤ ਮੇਰੇ ਦੋਸਤੋ.......
ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ।

ਭੈਣ ਰਾਣੀ ਜਾਨੋਂ ਵੱਧ ਪਿਆਰ ਮੈਨੂੰ ਕਰਦੀ ਸੀ,
ਹੰਝੂ ਮੇਰੀ ਅੱਖ ਵਿੱਚ ਉਹ ਨਹੀਓਂ ਜਰਦੀ ਸੀ,
ਬਿੰਦ ਵੀ ਇਕੱਲੇ ਮੇਰੇ ਰਹਿਣ ਕੋਲੋਂ ਡਰਦੀ ਸੀ,
ਟੁੱਟ ਗਈ ਕੱਚੇ ਧਾਗਿਆ ਦੀ ਪ੍ਰੀਤ ਮੇਰੇ ਦੋਸਤੋ..........
ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ।

23 ਜੂਨ ਦੀ ਦੁਪਹਿਰ ਵਿੱਚ ਕਿੰਦੀ ਮੈਨੂੰ ਸਾੜ ਗਯਾ,
ਜ਼ਿੰਦਗੀ ਦੇ ਸਾਹਾਂ ਵਾਲਾ ਤੋੜ ਕੇ ਉਹ ਹਾਰ ਗਯਾ,
ਗੀਤਾਂ ਮੇਰਿਆ ਨੂੰ ਦੇ ਕੇ ਦਰਦ ਉਧਾਰ ਗਯਾ,
ਨਿਭਾ ਕੇ ਗਯਾ ਫਰਜ਼ਾਂ ਦੀ ਰੀਤ ਮੇਰੇ ਦੋਸਤੋ......
ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ।

ਤੋੜ ਕੇ ਸੁੱਟ ਦਿੱਤਾ ਮੈਨੂੰ ਕਾਲੇ ਦੀ ਜੁਦਾਈ ਨੇ,
ਸਾਹਮਣੇ ਵੀ ਆਉਣਾ ਸੀ ਇਸ ਚੰਦਰੀ ਸੱਚਾਈ ਨੇ,
ਮਾਰ ਲੈਣਾ ਇੱਕ ਦਿਨ ਮੈਨੂੰ ਇਸ ਤਨਹਾਈ ਨੇ,
ਬੇ-ਸਬਰੀ ਨਾਲ ਮੌਤ ਮੇਰੀ ਕਰੇ ਉਡੀਕ ਮਰੇ ਦੋਸਤੋ.........
ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ।

ਭੁੱਲ ਨਹੀਓਂ ਹੋਣਾ ਹਾਏ ਵਿਛੋੜਾ ਬਲਵੀਰ ਦਾ,
ਆਸਮਾਨ ਜਿੰਨਾ ਖੁੱਲਾ ਦਿਲ ਸੀ ਦਿਲਗੀਰ ਦਾ,
ਅਜੀਬ ਇਤਫ਼ਾਕ ਸੀ ਇਹ ਵੀ ਤਕਦੀਰ ਦਾ,
ਨ ਭੁੱਲਿਆ ਉਹ ਦਿਨ ਨ ਭੁੱਲੀ ਤਰੀਕ ਮੇਰੇ ਦੋਸਤੋ........
ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ।

'ਵੀਤ' ਮੁਹੱਬਤ ਸੀ ਮੇਰੀ ਉਹ ਵੀ ਆਖਰ ਮਰ ਗਈ,
ਲੋਕਾਂ ਦੇ ਤਾਹਨਿਆਂ ਲਈ ਕੱਲਾ ਮੈਨੂੰ ਕਰ ਗਈ,
ਮੈਂ ਨਾ ਜਰ ਸਕਿਆ ਖੌਰੇ ਉਹ ਕਿਵੇਂ ਜਰ ਗਈ,
ਹੱਡ ਹੁੰਦੇ ਜਾਣ 'ਬਾਦਸ਼ਾਹਪੁਰੀ' ਦੇ ਸੀਤ ਮੇਰੇ ਦੋਸਤੋ........
ਮੁੱਕ ਗਯਾ ਜ਼ਿੰਦਗੀ ਦਾ ਗੀਤ ਮੇਰੇ ਦੋਸਤੋ।
ਤੁਰ ਗਏ ਦਿਲ ਮੇਰੇ ਦੇ ਮੀਤ ਮੇਰੇ ਦੋਸਤੋ।

# ਅੰਮ੍ਰਿਤਾ ਪ੍ਰੀਤਮ ਜੀ ਦੇ ਨਾਂ.......

ਵਾਰਿਸ ਸ਼ਾਹ ਨੂੰ ਆਖਦੀ ਸੀ ਕਬਰਾਂ 'ਚੋਂ ਕਿਤੇ ਬੋਲ,
'ਇਸ਼ਕੇ ਦੀ ਕਿਤਾਬ' ਵਾਲਾ ਪੰਨਾ ਕਦੇ ਕੋਈ ਫ਼ੋਲ,
ਕਦੇ ਤੂੰ ਵਾਰਿਸ ਸ਼ਾਹ ਨੂੰ ਤਰਲੇ ਸੀ ਪਾਏ—
ਅੱਜ ਸੁਣ ਮੈਂ ਜੋ ਤੈਨੂੰ ਕਹੀਆਂ ਨੇ,............
ਵਾਰਿਸ ਸ਼ਾਹ ਨੂੰ ਕਬਰਾਂ 'ਚੋਂ ਬੁਲਾਉਣ ਵਾਲੀਏ—
ਅੱਜ ਤੇਰੀਆਂ ਕਿਉਂ ਕਬਰਾਂ ਖ਼ਾਮੋਸ਼ ਪਈਆਂ ਨੇ

ਦੁੱਖੜੇ ਕੌਣ ਲਿਖੇਗਾ 47 ਵਾਲੀ ਵੰਡ ਦੇ,
ਦਰਦ ਕੀਹਨੇ ਲਿਖਣੇ ਨੇ ਟੁੱਟਦੀ ਹੋਈ ਵੰਗ ਦੇ,
ਜੋ ਮਾਣ ਬਣ ਸਕਣ ਪੰਜਾਬੀ ਬੋਲੀ ਦਾ—
ਹੁਣ ਉਹ ਕਲਮਾਂ ਨਾ ਰਹੀਆਂ ਨੇ,........
ਵਾਰਿਸ ਸਾਹ ਨੂੰ ਕਬਰਾਂ 'ਚੋਂ..........

ਸ਼ਿਵ, ਨੂਰਪੁਰੀ ਵਾਲੇ ਜ਼ਖਮ ਭਰ ਵੀ ਨਾ ਹੋਏ ਸੀ,
ਮਰਿਆ ਵੀ ਨਾ ਗਯਾ ਦੁੱਖੜੇ ਜਰ ਵੀ ਨਾ ਹੋਏ ਸੀ,
ਸਦਾ ਹਿਜਰ ਵਿਛੋੜਿਆਂ 'ਚ ਮੇਰੀਆਂ—
ਇਹ ਅੱਖਾਂ ਨਿਰਦੋਸ਼ ਵਹੀਆਂ ਨੇ..........
'ਵਾਰਿਸ ਸ਼ਾਹ ਨੂੰ.............

ਤ੍ਰਿੰਝਣਾਂ 'ਚ 'ਸਹੇਲੀਆਂ ਦੇ ਗੀਤ' ਕੌਣ ਲਿਖੇਗਾ,
ਤੋੜ ਜਿਹੜੀ 'ਨਿਭੀ ਨ ਪ੍ਰੀਤ' ਕੌਣ ਲਿਖੇਗਾ,
ਕੀਹਨੇ ਕਿਸਦੇ ਨਾਲ ਪਿਆਰ ਕਿੰਨਾ ਕਰਕੇ—
ਜੁਦਾਈਆਂ ਚੁੱਪ-ਚਾਪ ਸਹੀਆਂ ਨੇ........
ਵਾਰਿਸ ਸ਼ਾਹ ਨੂੰ ਕਬਰਾਂ 'ਚੋਂ.............

ਕਹਾਣੀ ਕੌਣ ਲਿਖੇਗਾ ਅੱਜ 'ਰੁੱਲਦੀਆਂ ਹੀਰਾਂ' ਦੀ
ਕਿਸੇ 'ਵੀਤ' 'ਮਰਜਾਣੀ' ਦੇ ਲਈ ਡੁੱਲਦੇ ਹੋਏ ਨੀਰਾਂ ਦੀ,
'ਬਾਦਸ਼ਾਹਪੁਰੀ' ਸਾਹਾਂ 'ਚ ਵਸਾਇਆ ਜੀਹਨੂੰ—
ਕਿਉਂ ਅੱਖਾਂ ਉਹਨੇ ਫੇਰ ਲਈਆਂ ਨੇ............

ਵਾਰਿਸ ਸ਼ਾਹ ਨੂੰ ਕਬਰਾਂ 'ਚੋਂ ਬੁਲਾਉਣ ਵਾਲੀਏ—
ਅੱਜ ਤੇਰੀਆਂ ਕਿਉਂ ਕਬਰਾਂ ਖਾਮੋਸ਼ ਪਈਆਂ ਨੇ,

## ਸੁਰਜੀਤ ਬਿੰਦਰੱਖੀਆ ਨੂੰ.........

ਵਸਦੇ ਰਹਿਣਗੇ ਦਿਲਾਂ 'ਚ ਗੀਤ ਤੇਰੇ, ਸੁਰਜੀਤ ਬਿੰਦਰੱਖ ਵਾਲਿਆ,
ਨਿੱਕੀ ਉਮਰੇ ਹੀ ਛੱਡ ਤੁਰ ਚੱਲਿਆ, ਉੱਚੀ ਹੇਕ ਲਾਉਣ ਵਾਲਿਆ......
ਵੱਸਦੇ ਰਹਿਣਗੇ.........

ਹਰ ਬੋਲ ਤੇਰਾ ਨਿੱਘਾ ਤੇ ਪਿਆਰਾ ਸੀ,
ਸਾਡੇ ਦੋਹਾਂ ਦਾ ਤੂੰ ਵੀ ਇੱਕ ਸਹਾਰਾ ਸੀ,
ਅਸੀਂ ਮਿਲੇ ਸੀ ਆਸਰੇ ਤੇਰੇ—
ਸ਼ੀਸ਼ਾ ਯਾਰ ਦਾ ਬਣਾਉਣ ਵਾਲਿਆ..........
ਵੱਸਦੇ ਰਹਿਣਗੇ.............

ਤੈਨੂੰ ਮਿਲਣ ਦੀ ਚਾਹਤ ਅਧੂਰੀ ਰਹਿ ਗਈ,
ਹਰ ਰੀਝ ਕਤਲ ਹੋ ਕੇ ਝੋਲੀ ਪੈ ਗਈ,
ਹੰਝੂ ਤੱਕਦੇ ਹੀ ਰਹਿਣ ਰਾਹ ਤੇਰੇ—
ਕਦੇ ਨਾ ਮੁੜ ਆਉਣ ਵਾਲਿਆ............
ਵੱਸਦੇ ਰਹਿਣਗੇ................

17 ਨਵੰਬਰ ਦੀ ਸਵੇਰ ਤੇਰੇ ਨਾਂ ਦੀ ਹੋਈ ਨਾ,
ਕਿਹੜਾ ਪੰਜਾਬੀ ਦੱਸ ਜੀਹਦੀ ਅੱਖ ਰੋਈ ਨਾ,
ਦੱਸ ਮੁੜ ਕਦੋਂ ਪਾਏਂਗਾ ਤੂੰ ਫੇਰੇ—
ਰਕਾਨ 'ਚ ਯਾਰ ਬੁਲਾਉਣ ਵਾਲਿਆ...........
ਵੱਸਦੇ ਰਹਿਣਗੇ..............

ਤੇਰੇ ਨਾਮੇ ਲਿਖਾਂ ਉਸ ਮਰਜਾਣੀ ਦੇ ਬੋਲ ਸੀ,
ਨਾ ਹੀ ਤੂੰ ਨਾ ਹੀ ਉਹ 'ਵੀਤ' ਮੇਰੇ ਕੋਲ ਸੀ,
ਪੈਂਦੇ ਕਾਲਜੇ 'ਚ ਹੌਲ ਨਿੱਤ ਮੇਰੇ—
ਜੁਦਾਈ ਲੰਮੀ ਪਾਉਣ ਵਾਲਿਆ.........
ਵੱਸਦੇ ਰਹਿਣਗੇ ਦਿਲਾਂ 'ਚ ਗੀਤ ਤੇਰੇ............

'ਬਾਦਸ਼ਾਹਪੁਰੀ' ਹੋਸ਼ ਅਪਣੇ ਗੁਆ ਕੇ ਬਹਿ ਗਯਾ,
ਸਰਮਾਇਆ ਯਾਦਾਂ ਵਾਲਾ ਕੋਲ ਸਾਡੇ ਰਹਿ ਗਯਾ,
ਤਿੜਕੇ ਵਾਲੇ ਬੋਲ ਸੱਚ ਹੋ ਗਏ ਤੇਰੇ—
'ਘੜੇ ਦਾ ਪਾਣੀ' ਕਹਾਉਣ ਵਾਲਿਆ........
ਨਿੱਕੀ ਉਮਰੇ ਹੀ ਛੱਡ ਤੁਰ ਚੱਲਿਆ—
ਉੱਚੀ ਹੇਕ ਲਾਉਣ ਵਾਲਿਆ
ਵੱਸਦੇ ਰਹਿਣਗੇ ਦਿਲਾਂ 'ਚ ਗੀਤ ਤੇਰੇ
ਸੁਰਜੀਤ ਬਿੰਦਰੱਖ ਵਾਲਿਆ............

# ਮੇਰਾ ਕਵਿਤਾ ਲਿਖਣ ਦਾ ਸ਼ੌਂਕ

ਹਰ ਕਿਸੇ ਨੇ ਹੀ ਬਚਪਨ ਵਿੱਚ
ਗਾਇਕਾਂ ਨੂੰ ਸੁਣਿਆ ਹੁੰਦਾ ਹੈ,
ਸ਼ਾਇਰਾਂ ਨੂੰ ਪੜ੍ਹਿਆ ਹੁੰਦਾ ਹੈ,
ਪਰ ਕਿਸੇ ਵਿਰਲੇ-ਟਾਵੇਂ ਨੇ—
ਸਾਡੇ ਮਨ ਨੂੰ ਮੋਇਆ ਹੁੰਦਾ ਹੈ,
ਹਰ ਕੋਈ ਕਿਸੇ ਨ ਕਿਸੇ ਤੋਂ—
ਪ੍ਰਭਾਵਿਤ ਹੋਇਆ ਹੁੰਦਾ ਹੈ,
ਅਜਿਹੀ ਹੀ ਕਿਸੇ ਸ਼ਕਤੀ ਨੇ—
ਆਪਣੇ ਆਪ ਤੋਂ ਖੋਹ ਲਿਆ ਮੈਨੂੰ,
ਮੇਰਾ ਕਵਿਤਾ ਲਿਖਣ ਦਾ ਸ਼ੌਂਕ—
ਦੇਖ ਕਿੰਨਾ ਮਹਿੰਗਾ ਪਿਆ ਮੈਨੂੰ

ਰਿਸ਼ਤੇ ਨਾਤਿਆਂ ਤੋਂ ਵੱਖ ਹੋਇਆ
ਮਹਿਬੂਬਾ ਲਈ ਜਦ ਦਿਲ ਰੋਇਆ,
ਦਿਲ ਦੇ ਮਹਿਰਮਾਂ ਚੱਲੀਆਂ ਚਾਲਾਂ—
ਯਾਰਾਂ ਪੂਰਾ ਲਾਭ ਉਠਾਇਆ,
ਆਪਣੇ ਬਣ ਕੇ ਵੈਰੀ ਬੈਠ ਗਏ—
ਨਿਕੰਮਾ, ਵਿਹਲਾ ਕਹਿਕੇ ਮੂੰਹ ਫੇਰ ਲਏ,
ਕਿਤੇ ਬੱਚਿਆਂ ਤੇ ਮੇਰਾ ਪ੍ਰਛਾਵਾਂ ਨਾ ਪੈ ਜਾਵੇ—
ਲੋਕਾਂ ਕਾਫ਼ਿਰ ਸਮਝ ਲਿਆ ਮੈਨੂੰ
ਮੇਰਾ ਕਵਿਤਾ ਲਿਖਣ ਦਾ ਸ਼ੌਂਕ
ਦੇਖੋ ਕਿੰਨਾ ਮਹਿੰਗਾ ਪਿਆ ਮੈਨੂੰ,

ਜਦੋਂ ਕਦੇ ਮੈਂ ਆਪਣੀਆਂ ਗ਼ਜ਼ਲਾਂ ਗਾਉਂਦਾ,
ਮੈਂ ਰੋਂਦਾ, ਪਰ ਜੱਗ ਨੂੰ ਹਾਸਾ ਆਉਂਦਾ
ਕਿਸੇ ਨਾਲ ਨਾ ਫਿਰ ਵੀ ਕੋਈ ਸ਼ਿਕਵਾ ਮੈਨੂੰ—
ਇਹ ਸੋਚ ਕੇ ਮੈਂ ਮਨ ਨੂੰ ਸਮਝਾਉਂਦਾ,

ਕੀ ਹੋਇਆ ਮੇਰਾ ਹਾਲ ਦੇਖ ਕੇ—
ਦੁਨੀਆਂ ਦੇ ਲੋਕੀਂ ਮੇਰੇ ਤੇ ਹੱਸਦੇ—
ਚਲੋ ਕੋਈ ਤਾਂ ਖੁਸ਼ ਹੋਇਆ ਹੈ,
ਗਿਲਾ ਕਾਹਦੇ ਲਈ ਜੇ ਪਾਗਲ ਕਿਹਾ ਮੈਨੂੰ,
ਮੇਰਾ ਕਵਿਤਾ ਲਿਖਣ ਦਾ ਸ਼ੌਕ
ਦੇਖੋ ਕਿੰਨਾ ਮਹਿੰਗਾ ਪਿਆ ਮੈਨੂੰ

ਪਿਛਲੇ 8-9 ਸਾਲਾਂ ਵਿਚ ਲਿਖਕੇ,
8-9 ਡਾਇਰੀਆਂ ਭਰਲੀਆਂ ਮੈਂ,
ਮੈਂ ਵੀ ਇਕ ਕਿਤਾਬ ਛਪਵਾਵਾਂਗਾ—
ਫੁਲ ਤਿਆਰੀਆਂ ਕਰਲੀਆਂ ਮੈਂ,
ਕਈ ਪ੍ਰਕਾਸ਼ਨਾਂ ਨੂੰ ਮਿਲ ਕੇ—
ਮੈਟਰ ਜਦੋਂ ਦਿਖਾਇਆ ਮੈਂ,
ਤਾਰੀਫ਼ ਕੀਤੀ ਉਨ੍ਹਾਂ ਮੇਰੇ ਲਿਖਣ ਦੀ—
ਫੁੱਲਿਆ ਨਹੀਂ ਸਮਾਇਆ ਮੈਂ,
ਹੁਣ ਤਾਂ ਮੈਂ ਵੀ ਲੇਖਕ ਬਣ ਜਾਵਾਂਗਾ—
ਗੋਡੇ-ਗੋਡੇ ਚੜ੍ਹਿਆ ਚਾਅ ਮੈਨੂੰ,
ਮੇਰਾ ਕਵਿਤਾ ਲਿਖਣ ਦਾ ਸ਼ੌ ਕ—
ਦੇਖੋ ਕਿੰਨਾ ਮਹਿੰਗਾ ਪਿਆ ਮੈਨੂੰ

ਆਖਿਰ ! ਜਦ ਗੱਲ ਅਸਲੀ ਮੁੱਦੇ ਤੇ ਆਈ
ਸਾਫ਼-ਸਾਫ਼ ਉਨ੍ਹਾਂ ਸਭ ਸਮਝਾਈ
ਕੋਈ ਇਕ ਪੇਜ਼ ਦੇ 120 ਰੁਪੈ ਮੰਗਦਾ—
ਕਿਸੇ ਨੇ ਵੀਹ ਹਜ਼ਾਰ 'ਚ ਗੱਲ ਮੁਕਾਈ,
ਸੁਣ ਕੇ ਦਿਲ ਘਬਰਾਇਆ ਮੇਰਾ—
ਮਸਾਂ-ਮਸਾਂ ਜੇ ਸੁਰਤ ਠਿਕਾਣੇ ਆਈ,
ਮੈਂ ਪੈਸੇ ਨੂੰ ਠੋਕਰ ਮਾਰਦਾ ਰਿਹਾ—
ਇਹ ਦੁਨੀਆ ਪੁੱਤ ਹੈ ਪੈਸੇ ਦੀ,
ਪੈਸੇ ਬਿਨਾ ਕਿਸੇ ਦਾ ਨਾ ਸਤਿਕਾਰ ਰਿਹਾ,

ਪੈਸੇ  ਬਿਨਾਂ ਕੋਈ ਨਾ ਸਾਕ ਰਿਹਾ,
ਹੁਣ ਇਹ ਗੱਲ ਸਮਝ ਗਈ ਆ ਮੈਨੂੰ,
ਮੇਰਾ ਕਵਿਤਾ ਲਿਖਣ ਦਾ ਸ਼ੌਂਕ—
ਦੇਖੋ ਕਿੰਨਾ ਮਹਿੰਗਾ ਪਿਆ ਮੈਨੂੰ......

ਜਦ ਕਿਤਾਬ ਮੇਰੀ ਛਪ ਜਾਵੇਗੀ—
ਲੋਕਾਂ ਸ਼ਾਇਰ ਆਖ ਬੁਲਾਉਣਾ ਏ,
ਬਹੁਤੇ ਫੜਨਗੇ ਮੇਰੀਆਂ ਕਮੀਆਂ ਨੂੰ
ਕਿਸੇ ਵਿਰਲੇ ਨੇ 'ਸ਼ੀਰੇ' ਸਲਾਹੁਣਾ ਏ,
ਪੰਜਾਬੀ ਦੇ ਵੱਡੇ ਸਹਿਤਕਾਰਾਂ ਨੇ—
ਮੇਰੀ ਅਲੋਚਨਾ ਕਰਨੀ ਏ,
ਉਹ ਮਰਜਾਣੀ ਖ਼ਬਰੇ ਕੀ ਸਮਝੇਗੀ—
ਉਸ 'ਤਾਰਿਆਂ ਤੋਂ ਪਾਰ' ਜਦ ਪੜ੍ਹਨੀ ਏ,
ਕਿਤੇ ਰੁੱਸ ਕੇ ਹੀ ਨਾ ਬੈਠ ਜਾਵੇ—
ਮੇਰਾ ਕਵਿਤਾ ਲਿਖਣ ਦਾ ਸ਼ੌਂਕ—
ਦੇਖੋ ਕਿੰਨਾ ਮਹਿੰਗਾ ਪਿਆ ਮੈਨੂੰ,

ਅੱਜ ਵੀ ਕਵਿਤਾਵਾਂ ਲਿਖਣ ਲਈ—
ਮੇਰਾ ਦਿਲ ਬੜਾ ਹੀ ਕਰਦਾ ਏ,
ਕਵਿਤਾ ਲੰਮੀ ਹੋ ਗਈ, ਪੰਨੇ ਵੱਧ ਜਾਣੇ—
ਇਸ ਗੱਲ ਦੇ ਖੌਫ਼ ਤੋਂ ਡਰਦਾ ਏ,
ਸੀਮਤ ਸਤਰਾਂ ਦੀ ਕਵਿਤਾ ਵਿੱਚ—
ਸੁੰਗੜ ਜਾਂਦੇ ਨੇ 'ਜਜ਼ਬਾਤ ਮੇਰੇ'—
ਇਸੇ ਲਈ ਦਿਲ ਲਿਖਣ ਨੂੰ ਨਹੀਂ ਕਰਦਾ,
ਜਾਂ ਬਹੁਤ ਹੀ ਘੱਟ ਲਿਖਦਾ ਹਾਂ,
ਪਹਿਲਾਂ ਵਾਲਾ ਨਾ ਸ਼ੌਂਕ ਰਿਹਾ ਮੈਨੂੰ
ਮੇਰਾ ਕਵਿਤਾ ਲਿਖਣ ਦਾ ਸ਼ੌਂਕ—
ਦੇਖੋ ਕਿੰਨਾ ਮਹਿੰਗਾ ਪਿਆ ਮੈਨੂੰ।

# 'ਜ਼ਿੰਦਗੀ' ਨੂੰ ਜਿੰਨਾ ਕੁ ਮੈਂ ਸਮਝ ਸਕਿਆ

1. ਜਦ ਵੀ ਕਿਸੇ ਨੂੰ ਮਿਲੋ ਹੱਸ ਕੇ ਮਿਲੋ, ਸ਼ਾਇਦ ਇਹ ਤੁਹਾਡੀ ਉਸ ਨਾਲ ਆਖਰੀ ਮੁਲਾਕਾਤ ਹੋਵੇ।
2. ਇਹ ਨਾ ਸੋਚੋ ਕੇ ਕੋਈ ਤੁਹਾਡੇ ਲਈ ਕੀ ਕਰ ਸਕਿਆ, ਇਹ ਸੋਚੋ ਕੇ ਤੁਸੀਂ ਕਿਸੇ ਲਈ ਕੀ ਕੀਤਾ।
3. ਸ਼ੋਰ ਕਰਨਾ ਲਹਿਰਾਂ ਦੀ ਉਦਾਸੀ ਦਾ ਪ੍ਰਤੀਕ ਹੈ, ਜਦ ਕੇ ਖ਼ਾਮੋਸ਼ੀ ਚਟਾਨਾਂ ਦੀ ਤਾਕਤ ਹੁੰਦੀ ਹੈ।
4. ਜੇਕਰ ਸਾਡੀ ਜ਼ਿੰਦਗੀ 'ਚ ਦੁੱਖ ਨਾ ਹੁੰਦੇ ਤਾਂ, ਸ਼ਾਇਦ ਸੁੱਖਾਂ ਦਾ ਹੋਣਾ ਵੀ ਮਹੱਤਵਹੀਣ ਹੀ ਹੁੰਦਾ।
5. ਕਿਸੇ ਇੱਕ ਰਿਸ਼ਤੇ ਦੇ ਖ਼ਤਮ ਹੋਣ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ।
6. ਹਰ ਗੱਲ ਅਤੇ ਰਿਸ਼ਤੇ ਨੂੰ ਫਾਇਦੇ/ਨੁਕਸਾਨ ਦੇ ਤਰਾਜੂ ਵਿੱਚ ਨਾ ਤੋਲੋ।
7. ਵਕਤ ਨਾਲ ਸਾਰੇ ਜ਼ਖ਼ਮ ਭਰ ਜਾਂਦੇ ਹਨ।
8. ਇਨਸਾਨ ਦਾ ਆਤਮ-ਵਿਸ਼ਵਾਸ ਹੀ ਉਸਦੀ ਸਫ਼ਲਤਾ ਦੀ ਸਿਰਜਣਾ ਕਰਦਾ ਹੈ।
9. ਜੋ ਅੱਜ ਹੈ ਉਹ ਕੱਲ੍ਹ ਨਹੀਂ ਹੋਵੇਗਾ, ਜੋ ਕੱਲ੍ਹ ਨਹੀਂ ਸੀ ਉਹ ਅੱਜ ਹੋਵੇਗਾ।
10. ਆਪਣੇ ਆਪ ਨੂੰ ਅਕਲਮੰਦ ਸਮਝਣਾ ਮੂਰਖ਼ਤਾ ਨਹੀਂ, ਬਲਕਿ ਦੂਜੇ ਨੂੰ ਬੇਵਕੂਫ ਸਮਝਣਾ ਮੂਰਖਤਾ ਹੈ।
11. ਜੇਕਰ ਤੁਸੀਂ ਕਿਸੇ ਨੂੰ ਪਿਆਰ ਨਹੀਂ ਕਰਦੇ, ਤਾਂ ਉਸਨੂੰ ਨਫਰਤ ਕਰਨ ਦਾ ਵੀ ਤੁਹਾਨੂੰ ਕੋਈ ਹੱਕ ਨਹੀਂ।
12. ਜ਼ਿੰਦਗੀ ਵਿੱਚ ਚੰਗੇ ਤੋਂ ਚੰਗੇ ਮਿਲ ਜਾਂਦੇ ਨੇ, ਲੋੜ ਬੱਸ ਅਪਣੀ ਸੋਚ ਨੂੰ ਬਦਲਣ ਦੀ ਹੁੰਦੀ ਹੈ।
13. ਸੱਚ ਦਾ ਰਾਹ ਬੜਾ ਬਿਖੜਾ ਹੈ ਜਿਸ ਤੇ ਚੱਲਦਿ ਆਂ ਹੋਇਆ ਸੁੰਦਰਤਾ, ਕਲਾ ਅਤੇ ਜੀਵਨ ਫਿੱਕੇ ਪੈ ਜਾਂਦੇ ਹਨ।
14. ਜ਼ਿੰਦਗੀ ਦੇ ਸਫਰ ਦੀਆਂ ਰਾਹਵਾਂ ਤੇ ਦਿਸ਼ਾਵਾਂ ਕਦ ਬਦਲ ਜਾਣ ਕੁਝ ਨਹੀਂ ਕਿਹਾ ਜਾ ਸਕਦਾ।

15. ਕੁਝ ਸਵਾਲਾਂ ਦੇ ਜਵਾਬ ਵਕਤ ਹੀ ਦੇ ਸਕਦਾ ਹੈ, ਉਹਨਾਂ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ।
16. ਜ਼ਿੰਦਗੀ ਦੇ ਕੁਝ ਫੈਸਲੇ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਨ ਚਾਹੁੰਦੇ ਵੀ ਸਵੀਕਾਰ ਕਰਨਾ ਪੈਂਦਾ ਹੈ।
17. ਇਨਸਾਨ ਕਿੰਨਾ ਵੀ ਤੇਜ਼ ਚੱਲੇ, ਵਕਤ ਤੇ ਜ਼ਿੰਦਗੀ ਉਸਤੋਂ ਹਮੇਸ਼ਾ ਦੋ ਕਦਮ ਅੱਗੇ ਚਲਦੇ ਹਨ।
18. ਸੱਚੇ ਮਨ ਨਾਲ ਕੀਤੀ ਮਿਹਨਤ ਕਦੇ ਅਜਾਈਂ ਨਹੀਂ ਜਾਂਦੀ।
19. ਜਿਸ ਬੂਟੇ ਦੇ ਫੁੱਲਾਂ ਦੀ ਖੁਸ਼ਬੂ ਮਾਣੀ ਹੋਵੇ, ਉਹਦੀ ਟਾਹਣੀ ਦੇ ਕੰਡੇ ਦੇ ਦਰਦ ਤਾਂ ਸਹਾਰਨੇ ਹੀ ਪੈਂਦੇ ਹਨ।
20. ਪਿਆਰ ਇੱਕ ਅਜਿਹਾ ਮਹਿਲ ਹੈ ਜਿਸਦੀ ਬੁਨਿਆਦ-ਵਿਸ਼ਵਾਸ, ਤਿਆਗ, ਵਫ਼ਾ 'ਤੇ ਟਿਕੀ ਹੁੰਦੀ ਹੈ।

***